ਅਗਲਾ ਸਵਾਲ ਇਹ ਹੈ ਕਿ ਪੰਜਾਬ ਤੋਂ ਰੁਜ਼ਗਾਰ ਦੀ ਖਾਤਰ ਬਾਹਰਲੇ ਮੁਲਕਾਂ ਵਿਚ ਪਰਵਾਸ ਧਾਰਨ ਕਰਨ ਵਾਲੇ ਵੀਰ ਰਹਿੰਦੇ ਕਿਥੇ ਹਨ ਅਤੇ ਉਨ੍ਹਾਂ ਦੀ ਗਿਣਤੀ ਇਸ ਵੇਲੇ ਕਿੰਨੀ ਕੁ ਹੈ? ਇਹ ਵੀ ਜਾਨਣ ਦੀ ਜ਼ਰੂਰਤ ਹੈ ਕਿ ਪੰਜਾਬੀਆਂ ਨੇ ਪਰਵਾਸ ਲਈ ਯਤਨ ਕਦੋਂ ਕੁ ਕਰਨੇ ਸ਼ੁਰੂ ਕੀਤੇ? ਇਹਦਾ ਕੋਰਾ ਚਿੱਟਾ ਜਵਾਬ ਇਹ ਹੈ ਕਿ ਪੰਜਾਬੀਆਂ ਵਿਚ ਇਹ ਪਰਵਿਰਤੀ ਲਗਭਗ ਸਦੀ ਕੁ ਪਹਿਲਾਂ ਸ਼ੁਰੂ ਹੋਈ ਅਤੇ ਇਸ ਦਾ ਮੁੱਢ ਕੈਨੇਡਾ ਤੋਂ ਬੱਝਾ। ਗੋਰੇ, ਪੰਜਾਬੀਆਂ ਨੂੰ ਪਸੰਦ ਨਹੀਂ ਸਨ ਕਰਦੇ, ਇਸੇ ਲਈ ਕੈਨੇਡਾ ਵਿਚ ਵੈਂਨਕੂਵਰ ਵਿਖੇ ਕਾਮਾਗਾਟਾਮਾਰੂ ਜਹਾਜ਼ ਦੇ ਦੁਖਾਂਤ ਦਾ ਮੁੱਢ ਬੱਝਾ। ਚੂੰਕਿ ਸਮਾਂ ਹਮੇਸ਼ਾਂ ਇਕੋ ਜਿਹਾ ਨਹੀਂ ਰਹਿੰਦਾ। ਹੌਲੀ ਹੌਲੀ ਇੰਗਲੈਂਡ ਅਤੇ ਕੈਨੇਡਾ ਵਰਗੇ ਮੁਲਕਾਂ ਨੂੰ ਮਜ਼ਦੂਰਾਂ ਦੀ ਲੋੜ ਪਈ ਅਤੇ ਇਹ ਕੰਮ ਕਰਨ ਵਿਚ ਪੰਜਾਬੀ ਬੜੇ ਤਾਕਤਵਰ ਸਾਬਤ ਹੋਏ। ਲੋਹੇ ਦੀਆਂ ਤਪਦੀਆਂ ਭੱਠੀਆਂ ਅਤੇ ਆਰਾ ਮਿਲਾਂ 'ਤੇ ਕੰਮ ਪੰਜਾਬੀਆਂ ਨੇ ਹੀ ਕਰਕੇ ਆਪ ਦੀ ਧਾਂਕ ਜਮਾਈ। ਇਹ ਇਹੀਓ ਲੋਕ ਜੀਵਨ ਦੇ ਦੂਜੇ ਖੇਤਰਾਂ ਤਕ ਵੀ ਪਹੁੰਚਣ ਲੱਗ ਪਏ। ਪੰਜਾਬੀਆਂ ਬਾਰੇ ਇਕ ਅਖਾਣ ਹੈ ਕਿ ''ਉਹ ਕਿਹੜੀ ਗਲੀ ਜਿਥੇ ਭਾਗੋ ਨਹੀਂ ਖਲੀ'', ਯਾਨੀ ਕੈਨੇਡਾ ਅਤੇ ਇੰਗਲੈਂਡ ਤੋਂ ਸ਼ੁਰੂ ਹੋਏ ਪੰਜਾਬੀ ਅੱਜ ਦੁਨੀਆ ਦੇ ਛੋਟੇ ਤੋਂ ਛੋਟੇ ਮੁਲਕ ਵਿਚ ਵੀ ਆਪਣੇ ਰੰਗ ਵਿਖਾ ਰਹੇ ਹਨ। ਵੀਹ ਕੁ ਸਾਲ ਪਹਿਲਾਂ ਮੈਂ ਤਤਕਾਲੀ ਪ੍ਰਧਾਨ ਮੰਤਰੀ ਅਟੱਲ ਬਿਹਾਰੀ ਵਾਜਪਾਈ ਨਾਲ ਤ੍ਰਿਨੀਦਾਦ, ਟਬੈਗੋ, ਮੋਰਕੋ ਅਤੇ ਜਮਾਇਕਾ ਦੇ ਦਸ ਦਿਨ ਦੇ ਦੌਰੇ 'ਤੇ ਗਿਆ ਸਾਂ ਤਾਂ ਉਥੇ ਵੀ ਨਾ ਕੇਵਲ ਪਰਵਾਸੀ ਪੰਜਾਬੀਆਂ ਦੇ ਦਰਸ਼ਨ ਹੋਏ ਸਗੋਂ ਉਨ੍ਹਾਂ ਨਾਲ ਵਿਚਾਰ ਵਟਾਂਦਰਾ ਵੀ ਕੀਤਾ। ਅਜ ਬਹੁਤੇ ਪਰਵਾਸੀ ਪੰਜਾਬੀ ਕੈਨੇਡਾ, ਇੰਗਲੈਂਡ, ਅਮਰੀਕਾ, ਆਸਟ੍ਰੇਲੀਆ, ਨਿਊਜ਼ੀਲੈਂਡ, ਜਰਮਨੀ, ਸਿੰਘਾਪੁਰ ਵਾਲੇ ਪਾਸੇ ਹਨ। ਸਵਾਲ ਜਿਥੋਂ ਤਕ ਇਨ੍ਹਾਂ ਦੀ ਗਿਣਤੀ ਦਾ ਹੈ, ਇਸ ਦੇ ਮੁਕੰਮਲ ਅੰਕੜੇ ਕਿਸੇ ਕੋਲ ਵੀ ਨਹੀਂ। ਨਾ ਸਰਕਾਰ ਕੋਲ, ਨਾ ਐਨ.ਆਰ.ਆਈ ਸਭਾ ਕੋਲ ਅਤੇ ਨਾ ਹੀ ਐਨ.ਆਰ.ਆਈ. ਮਾਮਲਿਆਂ ਦੇ ਪੁਲਿਸ ਸੈਲ ਕੋਲ। ਹੈਰਾਨੀ ਦੀ ਪਹਿਲੀ ਗੱਲ ਤਾਂ ਇਹ ਹੈ ਕਿ ਜਿਹੜੀਆਂ ਪੰਜਾਬ ਸਰਕਾਰਾਂ ਇਨ੍ਹਾਂ ਨੂੰ ਇਥੇ ਪੂੰਜੀ ਨਿਵੇਸ਼ ਲਈ ਆਖਦੀਆਂ ਹਨ ਉਨ੍ਹਾਂ ਕੋਲ ਪੂਰੀ ਸੂਚੀ ਹੀ ਨਹੀਂ। ਪਿਛਲੇ ਡੇਢ ਦੋ ਦਹਾਕਿਆਂ ਤੋਂ ਪਰਵਾਸੀਆਂ ਨੂੰ ਇਥੇ ਪੂੰਜੀ ਲਈ ਪਤਿਆਉਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ, ਉਨ੍ਹਾਂ ਦੀ ਸੂਚੀ ਕਿਉਂ ਨਹੀਂ ਬਣਾਈ ਜਾਂਦੀ? ਜਲੰਧਰ ਵਿਖੇ ਐਨ.ਆਰ.ਆਈ ਸਭਾ ਦੀ ਚੋਣ ਵਡੇ ਪੱਧਰ 'ਤੇ ਲੱਖਾਂ ਰੁਪਏ ਖਰਚ ਕੇ ਹੁੰਦੀ ਹੈ, ਉਸ ਕੋਲ ਵੀ ਗਿਣਤੀ ਦੇ ਮੈਂਬਰਾਂ ਤੋਂ ਬਿਨਾਂ ਕੁੱਝ ਵੀ ਨਹੀਂ। ਕਿਉਂ ਨਹੀਂ ਉਨ੍ਹਾਂ ਮੁਲਕਾਂ ਨਾਲ ਸੰਪਰਕ ਕਰਕੇ ਇਨ੍ਹਾਂ ਸਬੰਧੀ ਅੰਕੜੇ ਮੰਗਵਾਏ ਜਾਂਦੇ? ਤਾਂ ਵੀ ਲਗਭਗ ਇਕ ਕਰੋੜ ਤੋਂ ਵਧ ਪਰਵਾਸੀ ਬਾਹਰ ਰਹਿੰਦੇ ਹਨ ਅਤੇ ਉਨ੍ਹਾਂ ਨੇ ਮਿਹਨਤ ਮਜ਼ਦੂਰੀ ਕਰਦਿਆਂ ਜੋ ਡਾਲਰ, ਪੌਂਡ ਕਮਾਏ ਉਨ੍ਹਾਂ ਨਾਲ ਆਪਣੇ ਪਿੰਡਾਂ ਵਿਚ ਜ਼ਮੀਨਾਂ ਖਰੀਦੀਆਂ, ਕੋਠੀਆਂ ਬਣਾਈਆਂ, ਸ਼ਹਿਰਾਂ ਵਿਚ ਪਲਾਟ ਅਤੇ ਜਾਇਦਾਦਾਂ ਖਰੀਦੀਆਂ। ਪੰਜਾਬ ਦਾ ਦੋਆਬਾ ਖੇਤਰ ਉਨ੍ਹਾਂ ਦੀ ਕਮਾਈ ਦੀ ਇਹ ਗਵਾਹੀ ਕਰਦਾ ਹੈ ਜਿਥੇ ਖੇਤਾਂ ਵਿਚ ਵਿਸ਼ਾਲ ਤੇ ਖੂਬਸੂਰਤ ਮਹੱਲ ਬਣੇ ਹੋਏ ਹਨ ਪਰ ਇਨ੍ਹਾਂ ਵਿਚ ਰਹਿੰਦੇ ਸਿਰਫ ਬਜ਼ੁਰਗ ਮਾਂ-ਪਿਓ ਹਨ ਜਾਂ ਫਿਰ ਖੇਤੀ ਦੀ ਸਾਂਭ ਸੰਭਾਲ ਕਰਨ ਵਾਲੇ ਭਈਏ-ਮਜ਼ਦੂਰ। ਕਈ ਪਰਵਾਸੀਆਂ ਨੇ ਆਪਣੇ ਪਿੰਡਾਂ ਦੀ ਕਾਇਆ ਕਲਪ ਵੀ ਕਰ ਦਿਤੀ ਹੈ। ਪਿੰਡ ਸ਼ਹਿਰਾਂ ਦਾ ਰੂਪ ਧਾਰਨ ਕਰ ਗਏ ਹਨ ਪਰ ਸਾਰੇ ਨਹੀਂ।

ਹੁਣ ਫਿਰ ਅਸਲ ਮਸਲੇ ਵਲ ਪਰਤਦੇ ਹਾਂ ਕਿ ਇਹ ਪਰਵਾਸੀ ਵੀਰ ਪੰਜਾਬ ਵਿਚ ਪੂੰਜੀ ਕਿਉਂ ਨਹੀਂ ਲਾਉਂਦੇ? ਇਹਦੇ ਜਵਾਬ ਤਾਂ ਕਈ ਹਨ ਪਰ ਮੋਟੇ ਜਿਹੇ ਕਾਰਨ ਇਹ ਹਨ ਕਿ ਇਕ ਤਾਂ ਉਨ੍ਹਾਂ ਮੁਲਕਾਂ ਦਾ ਪੂਰਾ ਪ੍ਰਸ਼ਾਸਨ ਭ੍ਰਿਸ਼ਟਾਚਾਰ ਮੁਕਤ ਹੈ, ਜਿਹੜਾ ਇਥੇ ਨਹੀਂ। ਇਥੇ ਤਾਂ ਸਰਕਾਰੀ ਬਾਬੂ ਪਰਵਾਸੀ ਪੰਜਾਬੀ ਦਾ ਪਤਾ ਲਗਦਿਆਂ ਹੀ ਦਰਖਾਸਤ ਲਈ ਦਿਤੇ ਕਾਗਜ਼ ਦਾ ਮੁੱਲ ਵੀ ਵਸੂਲਣਾ ਚਾਹੁੰਦਾ ਹੈ। ਹਰ ਛੋਟਾ ਵੱਡਾ ਅਫਸਰ ਅਤੇ ਕੀ ਮੰਤਰੀ ਇਨ੍ਹਾਂ ਵਲੋਂ ਸ਼ੁਰੂ ਕਰਨ ਵਾਲੇ ਕਿਸੇ ਵੀ ਪ੍ਰੋਜੈਕਟ ਵਿਚ ਹਿੱਸੇਦਾਰੀ ਜਾਂ ਫਿਰ ਪੈਸੇ ਭਾਲਦਾ ਹੈ। ਪਰਵਾਸੀਆਂ ਦਾ ਜਿਹੜਾ ਛੋਟੇ ਤੋਂ ਛੋਟਾ ਕੰਮ ਇਥੇ ਕਈ ਮਹੀਨਿਆਂ ਵਿਚ ਵੀ ਨਹੀਂ ਹੁੰਦਾ, ਉਹ ਉਸ ਮੁਲਕ ਵਿਚ ਮਿੰਟਾਂ ਵਿਚ ਹੋ ਜਾਂਦਾ ਹੈ। ਛੋਟਾ ਮੋਟਾ ਕਾਰੋਬਾਰ ਸ਼ੁਰੂ ਕਰਨ ਲਈ ਇਥੇ ਏਨੀ ਖੱਜਲ ਖੁਆਰੀ ਹੈ ਕਿ ਅਗਲਾ ਕੰਮ ਅੱਧ ਵਿਚਾਲੇ ਛੱਡ ਕੇ ਜਾਣ ਲਈ ਮਜ਼ਬੂਰ ਹੋ ਜਾਂਦਾ ਹੈ। ਭਾਵੇਂ ਪਰਵਾਸੀਆਂ ਲਈ ''ਇਕ ਖਿੜਕੀ'' ਦਾ ਵੀ ਪ੍ਰਬੰਧ ਕੀਤਾ ਗਿਆ ਹੈ ਪਰ ਜਿਥੇ ਸਿਸਟਮ ਹੀ ਪੂਰੀ ਤਰ੍ਹਾਂ ਸੜ ਗਿਆ ਹੋਵੇ ਉਥੇ ਕੰਮ ਹੋਵੇਗਾ ਕਿਵੇਂ? ਦੂਜਾ ਕਾਰਨ ਪਰਵਾਸੀਆਂ ਵਲੋਂ ਖਰੀਦੀਆਂ ਜ਼ਮੀਨਾਂ ਅਤੇ ਜਾਇਦਾਦਾਂ ਨੂੰ ਕਦੇ ਉਨ੍ਹਾਂ ਦੇ ਆਪਣੇ ਹੀ ਦਬੱਣ ਲੱਗ ਜਾਂਦੇ ਹਨ ਅਤੇ ਇਨ੍ਹਾਂ ਦੀ ਕਿਤੇ ਵੀ ਸੁਣਵਾਈ ਨਹੀਂ। ਭਲੇ ਹੀ ਕਈ ਐਨ.ਆਰ.ਆਈ ਥਾਣੇ ਹਨ। ਇਨ੍ਹਾਂ ਲਈ, ਮੋਹਾਲੀ ਵਿਚ ਆਈ ਜੀ ਰੈਂਕ ਦੇ ਪੁਲਸ ਅਫਸਰ ਦਾ ਦਫ਼ਤਰ ਹੈ ਪਰ ਕੌੜਾ ਸੱਚ ਹੈ ਕਿ ਕਿਤਿਉਂ ਵੀ ਇਨ੍ਹਾਂ ਦੀ ਝੋਲੀ ਖੈਰ ਨਹੀਂ ਪੈਂਦੀ। ਇਹ ਮਹੀਨੇ ਖੰਡ ਲਈ ਵਤਨ ਪਰਤਦੇ ਹਨ - ਪਰ ਛੇਤੀ ਮਾਯੂਸ ਹੋ ਕੇ ਵਾਪਸ ਚਲੇ ਜਾਂਦੇ ਹਨ। ਹੈਰਾਨੀ ਹੈ ਕਿ ਪੁਲਸ ਦੇ ਇਸ ਲੰਬੇ ਚੌੜੇ ਦਗਮਜੇ ਦੇ ਬਾਵਜੂਦ ਪਰਵਾਸੀਆਂ ਦੀ ਤਸੱਲੀ ਨਹੀਂ। ਇਸ ਧਰਤੀ 'ਤੇ ਕੋਈ ਤਾਂ ਹੀ ਪੈਸਾ ਲਾਏਗਾ ਜੇ ਉਸ ਨੂੰ ਵਸੂਲੀ ਦੀ ਉਮੀਦ ਹੋਵੇਗੀ। ਜੇ ਉਹਦਾ ਮੂਲ ਵੀ ਮਾਰਿਆ ਜਾਣਾ ਹੈ ਤਾਂ ਉਹ ਕਿਉਂ ਪੈਸੇ ਲਾਏਗਾ? ਕੈਪਟਨ ਸਰਕਾਰ ਨੂੰ ਇਸ ਪਖੋਂ ਪਰਵਾਸੀਆਂ ਦਾ ਭਰੋਸਾ ਜਿੱਤਣਾ ਪਵੇਗਾ। ਸਾਡੇ ਕੋਲ ਬਾਹਰ ਸੈਂਕੜੇ ਨਹੀਂ ਹਜ਼ਾਰਾਂ ਹਜ਼ਾਰਾਂ ਏਕੜਾਂ ਅਤੇ ਸੈਂਕੜੇ ਪੈਟਰੋਲ ਪੰਪਾਂ ਦੇ ਮਾਲਕ ਹਨ ਅਤੇ ਉਨ੍ਹਾਂ ਲਈ ਪੰਜਾਬ ਦੀ ਧਰਤੀ 'ਤੇ ਰੁਜ਼ਗਾਰ ਲਈ ਪ੍ਰਾਜੈਕਟ ਲਾਉਣੇ ਕੋਈ ਵੱਡੀ ਗੱਲ ਨਹੀਂ। ਜੇ ਉਨ੍ਹਾਂ ਨੇ ਪੂੰਜੀ ਨਹੀਂ ਲਾਈ ਤਾਂ ਫਿਰ ਸਰਕਾਰ ਨੂੰ ਆਪਣੀ ਪਰਵਾਸੀ ਨੀਤੀ ਦਾ ਗੰਭੀਰਤਾ ਨਾਲ ਅਧਿਐਨ ਕਰਨਾ ਪਵੇਗਾ। ਇਨ੍ਹਾਂ ਲੋਕਾਂ ਨੂੰ ਆਪਣੇ ਨਾਲ ਜੋੜ ਸਕਣਾ ਕੋਈ ਵੱਡੀ ਗੱਲ ਨਹੀਂ। ਆਖਰੀ ਕਾਰਨ ਭਾਵੇਂ ਜਾਅਲੀ ਵਿਆਹਾਂ ਦਾ ਹੈ ਜਿਨ੍ਹਾਂ ਦੀ ਮਾਰ ਇਸ ਵੇਲੇ ਹਜ਼ਾਰਾਂ ਪੰਜਾਬਣ ਮੁਟਿਆਰਾਂ ਝੱਲ ਰਹੀਆਂ ਹਨ। ਨਾ ਉਹ ਵਿਆਹੀਆਂ ਵਿਚ ਸ਼ਾਮਲ ਹਨ ਅਤੇ ਨਾ ਕੁੰਵਾਰੀਆਂ ਵਿਚ। ਚਲੋ ਇਸ ਮਸਲੇ ਨੇ ਤੂਲ ਫੜ ਲਿਆ ਹੈ ਅਤੇ ਕੇਂਦਰ ਸਰਕਾਰ ਕਾਫੀ ਗੰਭੀਰ ਹੋ ਗਈ ਹੈ। ਇਸ ਲਈ ਸਖ਼ਤ ਕਾਨੂੰਨ ਵੀ ਬਣ ਰਿਹਾ ਹੈ ਅਤੇ ਲਗਦੈ ਜਾਅਲੀ ਵਿਆਹਾਂ ਨੂੰ ਠੱਲ੍ਹ ਪੈ ਸਕੇਗੀ। ਫਿਰ ਵੀ ਮੁਕਦੀ ਗੱਲ ਇਹ ਹੈ ਕਿ ਜੇ ਕੈਪਟਨ ਸਰਕਾਰ ਸੱਚਮੁੱਚ ਪਰਵਾਸੀ ਪੰਜਾਬੀਆਂ ਨੂੰ ਆਪਣੀਆਂ ਜੜ੍ਹਾਂ ਨਾਲ ਜੋੜਨਾ ਚਾਹੁੰਦੀ ਹੈ ਅਤੇ ਇਥੇ ਪੂੰਜੀ ਨਿਵੇਸ਼ ਚਾਹੁੰਦੀ ਹੈ ਤਾਂ ਇਸ ਨੂੰ ਇਸ ਸਬੰਧ ਵਿਚ ਫੌਰੀ ਤੌਰ ਤੇ ਇਕ ਪਾਰਦਰਸ਼ੀ ਨੀਤੀ ਬਣਾਉਣੀ ਚਾਹੀਦੀ ਹੈ। ਇਮਾਨਦਾਰ, ਮਿਹਨਤੀ ਅਤੇ ਦ੍ਰਿੜ ਅਫਸਰਾਂ ਅਤੇ ਆਪਣੇ ਸਾਥੀਆਂ ਦੀ ਇਕ ਟੀਮ ਬਣਾਉਣ ਦੀ ਲੋੜ ਹੈ ਜੋ ਪ੍ਰਾਜੈਕਟਾਂ ਦੀ ਮਨਜ਼ੂਰੀ, ਜਗ੍ਹਾ ਅਤੇ ਹੋਰ ਲੋੜਾਂ ਘਟੋ ਘੱਟ ਸਮੇਂ ਵਿਚ ਮੁਹੱਈਆ ਕਰਵਾਏ ਤਾਂ ਕਿ ਪ੍ਰਾਜੈਕਟ ਛੇਤੀ ਸ਼ੁਰੂ ਹੋ ਕੇ ਰੁਜ਼ਗਾਰ ਦੇਵੇ। ਜੇ ਪੰਜਾਬ ਦੇ ਹਰ ਜ਼ਿਲ੍ਹੇ ਵਿਚ ਇਸ ਤਰ੍ਹਾਂ ਦੇ ਇਕ ਇਕ ਦੋ ਦੋ ਪ੍ਰਾਜੈਕਟ ਲੱਗ ਜਾਣ ਤਾਂ ਫਿਰ ਮੈਨੂੰ ਨਹੀਂ ਲਗਦਾ ਕਿ ਸਾਡੇ ਪੰਜਾਬ ਦਾ ਯੁਵਕ ਜਿਹੜਾ ਜ਼ਮੀਨ ਅਤੇ ਘਰ ਘਾਟ ਰਹਿਣੇ ਪਾ ਕੇ ਬਾਹਰ ਭਜਣ ਲਈ ਕਾਹਲਾ ਹੈ, ਉਹ ਆਪਣੀ ਧਰਤੀ ਛੱਡੇ। ਆਖਰ 'ਜੋ ਸੁੱਖ ਛੱਜੂ ਦੇ ਚੁਬਾਰੇ ਦਾ ਉਹ ਨਾ ਬਲਖ ਨਾ ਬੁਖਾਰੇ''।

# ਬੰਦ ਬੂਹਿਆਂ ਦੀ ਦਾਸਤਾਨ

-ਸ਼ਵਿੰਦਰ ਕੌਰ



ਮੇਰੀ ਭੂਆ ਸੀਰਤ ਅਤੇ ਸੂਰਤ ਪੱਖੋਂ ਬਹੁਤ ਸੋਹਣੀ ਸੀ। ਉਸ ਦੀ ਬੋਲਚਾਲ ਤੇ ਰਹਿਣੀ ਬਹਿਣੀ ਵਿੱਚ ਸਲੀਕਾ ਸੀ। ਮਿੱਠਬੋਲੜੇ ਸੁਭਾਅ ਦੀ ਹੋਣ ਕਾਰਨ ਉਸ ਦੀ ਦੂਜਿਆਂ ਨਾਲ ਚੰਗੀ ਨਿਭਦੀ ਸੀ। ਭੂਆ ਦੀ ਸ਼ਖਸੀਅਤ ਅਜਿਹੀ ਸੀ ਕਿ ਉਸ ਨਾਲ ਗੱਲ ਕਰਨ ਵਾਲਾ ਉਸ ਦਾ ਪ੍ਰਭਾਵ ਕਬੂਲੇ ਬਿਨਾਂ ਨਹੀਂ ਰਹਿ ਸਕਦਾ ਸੀ। ਸਾਰੇ ਗੁਣਾਂ ਦੀ ਧਾਰਨੀ ਹੋਣ ਦੇ ਬਾਵਜੂਦ ਉਹ ਕੋਰੀ ਅਨਪੜ੍ਹ ਸੀ। ਜਿਸ ਘਰ ਵਿੱਚ ਉਹ ਜੰਮੀ ਪਲੀ, ਉਹ ਵਹਿਮਾਂ ਭਰਮਾਂ ਤੋਂ ਕੋਹਾਂ ਦੂਰ ਸੀ। ਇਸ ਲਈ ਭੂਆ ਵੀ ਇਨ੍ਹਾਂ ਤੋਂ ਮੁਕਤ ਸੀ।

ਸਾਡੀ ਦਾਦੀ ਸਾਨੂੰ ਦੱਸਦੀ ਹੁੰਦੀ ਕਿ ਜਿਸ ਘਰੇ ਤੁਹਾਡੀ ਭੂਆ ਦਾ ਵਿਆਹ ਹੋਇਆ, ਉਸ ਤੋਂ ਪਹਿਲਾਂ ਉਸ ਘਰ ਵਿੱਚ ਤਿੰਨ ਜੀਅ ਸਨ। ਤੁਹਾਡਾ ਫੁੱਫੜ, ਉਸ ਦੀ ਮਾਂ ਅਤੇ ਛੋਟਾ ਭਰਾ, ਚੌਥੀ ਤੁਹਾਡੀ ਭੂਆ ਜਾ ਰਲੀ। ਉਸ ਦੇ ਵਿਆਹ ਨੂੰ ਤਿੰਨ ਚਾਰ ਸਾਲ ਹੋ ਗਏ, ਪਰ ਘਰ 'ਚ ਪੰਜਵੇਂ ਜੀਅ ਦੀ ਆਮਦ ਨਾ ਹੋਈ। ਤੁਹਾਡੀ ਭੂਆ ਦੀ ਸੱਸ ਸਾਧਾਂ ਸੰਤਾਂ ਤੋਂ ਤਵੀਤ ਕਰਵਾਉਂਦੀ ਫਿਰੇ। ਤੁਹਾਡੀ ਭੂਆ ਨੂੰ ਪਤਾ ਲੱਗਾ ਤਾਂ ਉਸ ਨੇ ਇੱਕੋ ਗੱਲ ਕਹਿ ਕੇ ਚੁੱਪ ਕਰਵਾ ਦਿੱਤਾ ਕਿ ਉਸ ਨੂੰ ਸਿਰਫ ਗੁਰੂ ਗ੍ਰੰਥ ਸਾਹਿਬ 'ਤੇ ਯਕੀਨ ਹੈ, ਜੇ ਮਹਾਰਾਜ ਨੇ ਚਾਹਿਆ ਤਾਂ ਘਰ ਵਿੱਚ ਕਿਲਕਾਰੀਆਂ ਜ਼ਰੂਰ ਗੂੰਜਣਗੀਆਂ, ਨਹੀਂ ਤਾਂ ਮੈਂ ਉਸ ਦੀ ਰਜ਼ਾ ਵਿੱਚ ਰਾਜ਼ੀ ਹਾਂ।

ਭੂਆ ਦੇ ਦਿਓਰ ਦਾ ਵਿਆਹ ਹੋ ਜਾਣ ਕਾਰਨ ਪੰਜਵਾਂ ਜੀਅ ਪਰਵਾਰ ਵਿੱਚ ਸ਼ਾਮਲ ਹੋ ਗਿਆ ਸੀ। ਘਰ ਵਿੱਚ ਨਵੇਂ ਜੀਆਂ ਦੀ ਆਮਦ ਸ਼ੁਰੂ ਹੋਈ ਤਾਂ ਧੰਨ ਧੰਨ ਹੋ ਗਈ। ਚਾਰ ਧੀਆਂ ਤੇ ਤਿੰਨ ਪੁੱਤਰਾਂ ਦੀ ਮਾਂ ਭੂਆ ਬਣ ਗਈ। ਪੰਜ ਬੱਚੇ ਦਰਾਣੀ ਦੀ ਗੋਦ ਦੀ ਰੌਣਕ ਬਣੇ। ਭੂਆ ਅਤੇ ਉਸ ਦੀ ਦਰਾਣੀ ਦਾ ਉਨ੍ਹਾਂ ਨੂੰ ਖਵਾਉਂਦਿਆਂ, ਨਵਾਉਂਦਿਆਂ ਦਿਨ ਲੰਘ ਜਾਂਦਾ। ਘਰ ਦਾ ਮੋਕਲਾ ਵਿਹੜਾ ਬੱਚਿਆਂ ਬਿਨਾਂ ਭਾਂਅ ਭਾਂਅ ਕਰਦਾ ਸੀ, ਉਹੀ ਭੀੜਾ ਲੱਗਣ ਲੱਗ ਪਿਆ।

ਬੱਚੇ ਸਕੂਲ ਜਾਣ ਵਾਲੇ ਹੋਏ ਤਾਂ ਉਨ੍ਹਾਂ ਨੇ ਪਿੰਡ ਛੱਡ ਕੇ ਖੇਤ ਜਾ ਡੇਰੇ ਲਾਏ। ਖੁੱਲ੍ਹਾ ਡੁੱਲ੍ਹਾ ਘਰ ਬਣਾ ਲਿਆ। ਘਰ ਨੇੜੇ ਚੱਲਦੇ ਇੱਕ ਵੱਡੇ ਸਕੂਲ ਵਿੱਚ ਬੱਚੇ ਦਾਖਲ ਕਰਵਾ ਦਿੱਤੇ। ਪਿੰਡ ਤੋਂ ਖੇਤ ਦੂਰ ਸਨ, ਉਥੇ ਜਾ ਕੇ ਖੇਤੀ ਦਾ ਕੰਮ ਸੌਖਾ ਹੋ ਗਿਆ। ਫੁੱਫੜ ਦਾ ਛੋਟਾ ਭਰਾ ਬੱਸਾਂ ਦੀ ਕੰਪਨੀ 'ਚ ਮੈਨੇਜਰ ਲੱਗ ਗਿਆ। ਖੇਤੀ ਦਾ ਕੰਮ ਪਹਿਲਾਂ ਹੀ ਫੁੱਫੜ ਸਾਂਭਦਾ ਸੀ। ਪਰਵਾਰ ਦੀ ਅਣਥੱਕ ਮਿਹਨਤ ਤੇ ਤਫਾਕ ਸਦਕਾ ਉਨ੍ਹਾਂ ਨੇ ਪੰਦਰਾਂ ਏਕੜ ਜ਼ਮੀਨ ਨੂੰ ਤਿੱਗਣੀ ਕਰ ਲਿਆ।

ਇੱਕ ਵਾਰ ਅਸੀਂ ਚਾਰ ਪੰਜ ਪਰਵਾਰਾਂ ਨੇ ਡਲਹੌਜ਼ੀ ਜਾਣ ਦਾ ਪ੍ਰੋਗਰਾਮ ਬਣਾਇਆ। ਅੰਗਰੇਜ਼ਾਂ ਤੇ ਸਿੱਖਾਂ ਵਿਚਾਲੇ ਹੋਏ ਯੁੱਧ ਦੀ ਯਾਦਗਾਰ ਅਤੇ ਉਸ ਨਾਲ ਸੁਸ਼ੋਭਿਤ ਸ਼ਹੀਦ ਗੰਜ ਗੁਰਦੁਆਰੇ ਨੂੰ ਦੇਖਣ ਲਈ ਅਸੀਂ ਸਭ ਤੋਂ ਪਹਿਲਾਂ ਉਥੇ ਪਹੁੰਚ ਗਏ। ਜਦੋਂ ਗੁਰਦੁਆਰੇ ਦੇ ਦਰਸ਼ਨ ਕਰ ਕੇ ਨਿਕਲੇ ਤਾਂ ਸਾਹਮਣੇ ਦਿਸਦੇ ਘਰ ਵੱਲ ਇਸ਼ਾਰਾ ਕਰ ਕੇ ਮੈਂ ਕਿਹਾ, 'ਅਹੁ ਮੇਰੀ ਭੂਆ ਦਾ ਘਰ ਹੈ, ਜੇ ਆਖੋ ਤਾਂ ਮਿਲ ਜਾਂਦੇ ਆਂ।' ਝੱਟ ਸਹਿਮਤੀ ਬਣ ਗਈ। ਅਸੀਂ ਵੈਨ ਭੂਆ ਦੇ ਵਿਹੜੇ ਵਿੱਚ ਜਾ ਲਾਈ। ਭੂਆ ਨੂੰ ਵੇਖਦਿਆਂ ਹੀ ਚਾਅ ਚੜ੍ਹ ਗਿਆ। ਮੈਂ ਸਦਕੇ, ਮੈਂ ਵਾਰੀ, ਅੱਜ ਤਾਂ ਕਰਮਾਂ ਵਾਲਾ ਦਿਨ ਚੜ੍ਹਿਆ। ਮੈਂ ਤਾਂ ਇੱਕ ਭਤੀਜੀ ਦੇ ਪਰਵਾਰ ਨੂੰ ਉਡੀਕਦੀ ਰਹਿੰਦੀ ਆਂ, ਅੱਜ ਤਾਂ ਸੁੱਖ ਨਾਲ ਮੇਲਾ ਲੱਗ ਗਿਆ। ਕਿਧਰੇ ਨੂੰਹਾਂ ਨੂੰ ਆਵਾਜ਼ਾਂ ਮਾਰੀ ਜਾਵੇ, 'ਜਲਦੀ ਜੁਆਕਾਂ ਨੂੰ ਦਿਉ ਖਾਣ ਪੀਣ ਨੂੰ ਸੁਵੱਖਤੇ ਦੇ ਚੱਲੇ ਐ ਭੁੱਖੇ ਹੋਣਗੇ।' ਅਸੀਂ ਖਾ ਪੀ ਕੇ ਆਪਣਾ ਅਗਲਾ ਸਫਰ ਨਿਬੇੜਨ ਲਈ ਖੜ੍ਹੇ ਹੋ ਗਏ। ਸਾਰੇ ਰਾਹ ਭੂਆ ਦੇ ਘਰ ਦੀਆਂ ਗੱਲਾਂ ਹੁੰਦੀਆਂ ਰਹੀਆਂ। ਖੁੱਲ੍ਹਾ-ਡੁੱਲ੍ਹਾ ਪੁੱਤਾਂ, ਨੂੰਹਾਂ, ਪੋਤੇ ਪੋਤੀਆਂ ਨਾਲ ਭਰਿਆ ਘਰ। ਮਹਿਮਾਨ ਨੂੰ ਜੀਅ ਆਇਆਂ ਕਹਿੰਦੇ ਹੰਸੂ ਹੰਸੂ ਕਰਦੇ ਚਿਹਰੇ। ਸਭ ਦਾ ਮਨ ਖੁਸ਼ ਹੋ ਗਿਆ ਸੀ। ਇੱਕ ਦਿਨ ਭੂਆ ਦੇ ਬੇਟੇ ਦਾ ਫੋਨ ਆਇਆ ਕਿ ਬੀਬੀ ਬਿਮਾਰ ਹੈ, ਤੁਹਾਨੂੰ ਯਾਦ ਕਰਦੀ ਹੈ। ਅਸੀਂ ਤਿੰਨੇ ਭੈਣਾਂ ਇੱਕ ਸ਼ਹਿਰ ਵਿੱਚ ਨੇੜੇ ਤੇੜੇ ਰਹਿੰਦੀਆਂ ਹੋਣ ਕਰ ਕੇ ਇਕੱਠੀਆਂ ਭੂਆ ਦਾ ਪਤਾ ਲੈਣ ਗਈਆਂ। ਤਿੰਨਾਂ ਮੁੰਡਿਆਂ ਨੇ ਅੱਡ ਅੱਡ ਕੋਠੀਆਂ ਪਾ ਲਈਆਂ ਸਨ, ਪਰ ਵਿੱਚ ਕੰਧਾਂ ਨਹੀਂ ਸਨ ਕੱਢੀਆਂ। ਉਨ੍ਹਾਂ ਦੇ ਚਾਚੇ ਦੇ ਬੱਚਿਆਂ ਨੇ ਆਪਣੇ ਹਿੱਸੇ ਆਏ ਖੇਤਾਂ ਵਿੱਚ ਕੋਠੀਆਂ ਬਣਾ ਲਈਆਂ। ਸਾਂਝੇ ਘਰ ਦੀਆਂ ਸਬ੍ਹਾਤਾਂ ਵਾਲੀ ਰੌਣਕ ਗਾਇਬ ਸੀ। ਭੂਆ ਦੇ ਪੋਤੇ ਪੋਤੀਆਂ ਕੈਨੇਡਾ, ਆਸਟਰੇਲੀਆ ਜਾ ਕੇ ਵਸ ਗਏ ਸਨ। ਤਿੰਨ ਘਰਾਂ 'ਚ ਦੋ ਮੁੰਡੇ, ਤਿੰਨ ਨੂੰਹਾਂ ਅਤੇ ਭੂਆ ਫੁੱਫੜ ਸਨ। ਇੱਕ ਮੁੰਡਾ ਸਾਲ ਕੁ ਪਹਿਲਾਂ ਜਿਗਰ ਖਰਾਬ ਹੋਣ ਕਾਰਨ ਮਰ ਗਿਆ ਸੀ। ਫਿਰ ਭੂਆ ਵੀ ਆਪਣੇ ਹਿੱਸੇ ਦਾ ਪੰਧ ਨਿਬੇੜ ਕੇ ਨਾ ਮੁੜਨ ਵਾਲੇ ਰਾਹਾਂ 'ਤੇ ਤੁਰ ਗਈ ਸੀ। ਮਹੀਨਾ ਕੁ ਪਹਿਲਾਂ ਫੁੱਫੜ ਜੀ ਤੁਰ ਗਏ। ਗੱਲ ਜਿੱਥੋਂ ਸ਼ੁਰੂ ਹੋਈ ਸੀ ਉਥੇ ਆ ਕੇ ਰੁਕ ਗਈ। ਤਿੰਨ ਕੋਠੀਆਂ ਵਿੱਚ ਪੰਜ ਮੈਂਬਰ ਰਹਿ ਗਏ। ਇੱਕ ਦਿਨ ਇਹ ਵੀ ਆਪਣੇ ਬੋਟਾਂ ਮਗਰ ਉਡਾਰੀ ਮਾਰ ਜਾਣਗੇ। ਇਨ੍ਹਾਂ ਘਰਾਂ ਦੇ ਬੰਦ ਬੂਹੇ ਭਰੇ ਭਕੁੰਨੇ, ਰੰਗੀਂ ਵਸਦੇ ਵੇਲਿਆਂ ਨੂੰ ਯਾਦ ਕਰ ਕੇ ਝੂਰਿਆ ਕਰਨਗੇ। ਜ਼ਮੀਨ ਆਪਣੇ ਮਾਲਕਾਂ ਦੀਆਂ ਪੈੜਾਂ ਨੂੰ, ਹੱਥਾਂ ਦੀ ਛੂਹ ਨੂੰ ਤਰਸੇਗੀ। ਬੰਦ ਬੂਹੇ ਉਨ੍ਹਾਂ ਪਲਾਂ ਦੀ ਉਡੀਕ ਕਰਦੇ ਰਹਿਣਗੇ, ਜਦੋਂ ਉਹ ਆ ਕੇ ਬੂਹਿਆਂ ਨੂੰ ਖੋਲ੍ਹਣਗੇ ਅਤੇ ਹਵਾ ਦਾ ਮਦਮਸਤ ਬੁੱਲਾ, ਧੁੱਪ ਦਾ ਟੁਕੜਾ ਜਾਂ ਚੰਨ ਦੀ ਕੋਈ ਰਿਸ਼ਮ ਇਨ੍ਹਾਂ ਅੰਦਰ ਦਾਖਲ ਹੋ ਕੇ ਕਿਸੇ ਧੜਕਣ ਨੂੰ ਜਨਮ ਦੇਵੇਗੀ। ਭੂਆ ਦੇ ਘਰ ਵਾਂਗ ਪਤਾ ਨਹੀਂ ਇਹ ਕਿੰਨੇ ਘਰਾਂ ਦੀ ਦਾਸਤਾਨ ਬਣਦੀ ਜਾ ਰਹੀ ਹੈ। ਇਨ੍ਹਾਂ ਘਰਾਂ ਦੇ ਵਿਹੜਿਆਂ ਵਿੱਚ ਖੜੋਤੇ ਰੁੱਖਾਂ ਦਾ ਹਰ ਪੱਤਾ ਜਿਵੇਂ ਕਹਿ ਰਿਹਾ ਹੋਵੇ, ''ਇਹ ਕਿਹੋ ਜਿਹਾ ਮੁਲਕ ਹੈ, ਜੋ ਆਪਣੇ ਭਵਿੱਖ ਦੀ ਆਸ ਨੌਜਵਾਨਾਂ ਨੂੰ ਵਿਦੇਸ਼ਾਂ ਵੱਲ ਧੱਕੀ ਜਾ ਰਿਹਾ ਹੈ।''

## ਹਲਕਾ ਫੁਲਕਾ

ਯਮਰਾਜ, ''ਦੱਸ ਕੁੜੀਏ, ਕਿੱਥੇ ਜਾਵੇਂਗੀ ਨਰਕ ਵਿੱਚ ਜਾਂ ਸਵਰਗ ਵਿੱਚ?''
ਕੁੜੀ, ''ਧਰਤੀ ਤੋਂ ਮੇਰਾ ਮੋਬਾਈਲ ਫੋਨ ਤੇ ਚਾਰਜਰ ਮੰਗਵਾ ਦਿਓ, ਫਿਰ ਮੈਂ ਕਿਤੇ ਵੀ ਰਹਿ ਲਵਾਂਗੀ।''

********

ਪਤਨੀ ਬਾਜ਼ਾਰ ਤੋਂ ਖਰੀਦਦਾਰੀ ਕਰ ਕੇ ਪਰਤੀ ਤਾਂ ਪਤੀ ਬੋਲਿਆ, ''ਮੇਰਾ ਅੰਦਾਜ਼ਾ ਹੈ ਕਿ ਇਸ ਪੈਕਟ ਵਿੱਚ ਕੋਈ ਖਾਣ ਵਾਲੀ ਚੀਜ਼ ਹੋਵੇਗੀ?''
ਪਤਨੀ, ''ਤੁਸੀਂ ਬਿਲਕੁਲ ਸਹੀ ਅੰਦਾਜ਼ਾ ਲਾਇਆ, ਇਸ ਵਿੱਚ ਮੇਰੇ ਨਵੇਂ ਸੈਂਡਲ ਹਨ।''

*********

ਪੱਪੂ ਦਫਤਰ ਤੋਂ ਘਰ ਆਇਆ। ਆਉਂਦਿਆਂ ਹੀ ਪਤਨੀ ਨੇ ਲੜਨਾ ਸ਼ੁਰੂ ਕਰ ਦਿੱਤਾ।
ਪੱਪੂ, ''ਦਿਨ ਭਰ ਦਾ ਥੱਕਿਆ-ਹਾਰਿਆ ਆਇਆ ਹਾਂ। ਪਹਿਲਾਂ ਫਰੈਸ਼ ਤਾਂ ਹੋਣ ਦੇ।''
ਪਤਨੀ, ''ਮੈਂ ਵੀ ਦਿਨ ਭਰ ਇਕੱਲੀ ਸੀ, ਜ਼ਰਾ ਰੀ-ਫਰੈਸ਼ ਹੋ ਰਹੀ ਹਾਂ।''

*********

ਰਾਮੂ, ''ਸੇਠ ਜੀ, ਸਾਰੀਆਂ ਚੀਜ਼ਾਂ ਦੇ ਰੇਟ ਵਧ ਗਏ ਹਨ। ਤੁਹਾਡੀ ਨੌਕਰੀ ਕਰਦੇ-ਕਦੇ ਸਿਰ ਦੇ ਵਾਲ ਸਫੈਦ ਹੋ ਗਏ, ਐਨੇ ਚਿਰ ਬਾਅਦ ਤਾਂ ਮੇਰਾ ਕੁਝ ਖਿਆਲ ਕਰੋ।''
ਸੇਠ ਜੀ, ''ਇਹ ਲਓ ਪੰਜ ਰੁਪਏ ਅਤੇ ਵਾਲ ਕਾਲੇ ਕਰਨ ਦਾ ਪਾਊਡਰ ਲੈ ਆ।''

*********

ਹਰੀਸ਼, ''ਕੀ ਮੈਂ ਸ਼ੇਰ ਜਾਂ ਹਾਥੀ ਨੂੰ ਨਹੀਂ ਹਰਾ ਸਕਦਾ?''
ਰਮੇਸ਼, ''ਕਿਉਂ ਨਹੀਂ, ਪਰ ਸ਼ਰਤ ਹੈ ਕਿ ਉਹ ਖਿਡੌਣੇ ਹੋਣ।''

*********

ਅਧਿਆਪਕ (ਮਨੋਹਰ ਨੂੰ), ''ਜਿੱਥੇ ਜ਼ਿਆਦਾ ਮੀਂਹ ਪੈਂਦਾ ਹੈ, ਉਥੇ ਸਭ ਤੋਂ ਜ਼ਿਆਦਾ ਕੀ ਪੈਦਾ ਹੁੰਦਾ ਹੈ?''
ਮਨੋਹਰ, ''ਸਰ, ਉਥੇ ਚਿੱਕੜ ਪੈਦਾ ਹੁੰਦਾ ਹੈ।''

*********

ਮੁੰਡਾ (ਕੁੜੀ ਨੂੰ), ''ਕੀ ਤੇਰੇ ਪਿਤਾ ਜੀ ਅਮੀਰ ਹਨ?''
ਕੁੜੀ, ''ਹਾਂ ਅਤੇ ਉਹ ਮੈਨੂੰ ਵਿਆਹ ਵਿੱਚ ਲਗਭਗ ਇੱਕ ਕਰੋੜ ਰੁਪਏ ਦਾ ਸਾਮਾਨ ਦੇਣ ਵਾਲੇ ਹਨ।''
ਮੁੰਡਾ, ''ਕੀ ਤੂੰ ਮੇਰੇ ਨਾਲ ਵਿਆਹ ਕਰਵਾਏਂਗੀ?''
ਕੁੜੀ, ''ਨਹੀਂ।''
ਮੁੰਡਾ, ''ਮੈਨੂੰ ਪਤਾ ਸੀ ਕਿ ਤੂੰ ਇਹੋ ਜਵਾਬ ਦੇਵੇਂਗੀ।''
ਕੁੜੀ, ''...ਤਾਂ ਫਿਰ ਪੁੱਛਿਆ ਕਿਉਂ?''
ਮੁੰਡਾ, ''ਮੈਂ ਇਹ ਮਹਿਸੂਸ ਕਰਨਾ ਚਾਹੁੰਦਾ ਸੀ ਕਿ ਜਦੋਂ ਕਿਸੇ ਦੇ ਹੱਥੋਂ ਇੱਕ ਕਰੋੜ ਰੁਪਿਆ ਨਿਕਲ ਜਾਂਦਾ ਹੈ ਤਾਂ ਕਿਹੋ ਜਿਹਾ ਲੱਗਦਾ ਹੈ।''

For All Electrical Work/ਬਿਜਲੀ ਦਾ ਕੋਈ ਵੀ ਕੰਮ ਹੋਵੇ



- Residential/Commercial/Industrial
- Basement Electrical Wiring
- Service Panel Upgrading
- Fire Alarm
- Driveway Lights

Save UPTO 40 TO 50% On Your HYDRO BILL
LED Pot Lights(Indoor/Outdoor) ਲਗਵਾਓ Hydro Bill ਤੇ 40%-50% ਬਚਾਓ

Contact: Nirmal Singh Johal(Certified Electrician)647-716-2677

DIXIE
Registered Private Career College
TRUCK & FORKLIFT DRIVING SCHOOL
CLASS A,Z & FORKLIFT TRAINING
Contact Us for Great Results, Early Road Tests & Flexible Timing
- Special Training For Nervous Drivers
- Lady Instructor Available
- One to One Training
Forklift $79
Air Brake
Truck Driving Course
○ Counter Balance ○ Order Picker
○ Raymond Reach ○ Walkie
○ Cheery Picker
AIR BRAKES CLASSES EVERY WED - THURS & SAT - SUN
Off: 905-452-3633/905-671-3633
Call MANN 416.629.4454
30 Hale Road Unit 1, Brampton ON, L6W 4N9

ਹਵਾਈ ਸਫਰ ਨੂੰ ਸੁਹਾਵਣਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992

Join and Represent Us
▷ VISITOR TO CANADA INSURANCE
▷ TRAVEL OUT INSURANCE
▷ INTERNATIONAL STUDENT INSURANCE
▷ OTHER INSURANCE PRODUCTS
905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7

# ਸੰਪਾਦਕੀ

## ਦਿਲਚਸਪ ਹੈ ਮਿਊਂਸੀਪਲ ਚੋਣਾਂ ਵਿੱਚ ਬਿਨਾ ਮੁਕਾਬਲਾ ਜੇਤੂਆਂ ਦਾ ਰੁਝਾਨ

ਜਿਉਂ ਜਿਉਂ ਚੋਣਾਂ ਦੇ ਦਿਨ ਨੇੜੇ ਆ ਰਹੇ ਹਨ, ਬਰੈਂਪਟਨ, ਮਿਸੀਸਾਗਾ, ਓਕਵਿੱਲ, ਵ੍ਹਾਹਨ, ਸਕਾਰਬਰੋ ਅਤੇ ਟੋਰਾਂਟੋ ਵਰਗੀਆਂ ਵੱਡੀਆਂ ਮਿਊਂਸਪੈਲਟੀਆਂ ਵਿੱਚ ਉਮੀਦਵਾਰਾਂ ਦੀ ਜਦੋਜਹਿਦ ਸਿਖ਼ਰਾਂ ਉੱਤੇ ਪੁੱਜਦੀ ਜਾ ਰਹੀ ਹੈ। ਇਹਨਾਂ ਚੋਣਾਂ ਵਿੱਚ ਮੁਕਾਬਲੇਬਾਜ਼ੀ ਦਾ ਹਾਲ ਕਿਸੇ ਤੋਂ ਲੁਕਿਆ ਨਹੀਂ ਹੋਇਆ। ਵੱਡੀ ਗਿਣਤੀ ਵਿੱਚ ਵੋਟਰ ਖੁਦ ਨੂੰ ਕੁੜਿੱਕੀ ਵਿੱਚ ਫਸੇ ਮਹਿਸੂਸ ਕਰਦੇ ਹਨ ਕਿਉਂਕਿ ਉਮੀਦਵਾਰਾਂ ਦੀ ਕੁੱਕੜ ਜੰਗ ਉਹਨਾਂ ਦੇ ਦਿਲ ਦਿਮਾਗ ਦਾ ਚੈਨ ਉਡਾ ਰਹੀ ਹੈ। ਵੋਟਰਾਂ ਦੇ ਇਸ ਹਾਲ ਨੂੰ ਵੇਖ ਕੇ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਉਮੀਦਵਾਰਾਂ ਦੇ ਦਿਨ ਕਿਵੇਂ ਬੀਤ ਰਹੇ ਹੋਣਗੇ। ਉਮੀਦਵਾਰਾਂ ਦੀ ਗੱਲ ਤਾਂ ਛੱਡੋ, ਉਹਨਾਂ ਦੇ ਸਮਰੱਥਕ ਵੀ ਰਾਤਾਂ ਦੀ ਨੀਂਦ ਗੁਆਈ ਬੈਠੇ ਹਨ। ਇਸ ਕਿਸਮ ਸੀ ਸ਼ਿੱਦਤ ਨੂੰ ਸੇਵਾ ਵੀ ਸਮਝਿਆ ਜਾ ਸਕਦਾ ਹੈ ਜਾਂ ਫੇਰ ਖੁਦ ਦਾ ਨਾਮ ਚਮਕਾਉਣ ਲਈ ਜਨੂਨ ਦੀ ਹੱਦ।

ਦੂਜੇ ਪਾਸੇ ਕੈਨੇਡੀਅਨ ਪ੍ਰੈੱਸ ਵੱਲੋਂ ਐਸੋਸੀਏਸ਼ਨ ਆਫ ਮਿਊਂਸੀਪਲ ਉਂਟੇਰੀਓ ਦੇ ਹਵਾਲੇ ਨਾਲ ਬਿਨਾ ਮੁਕਾਬਲਾ ਹੁਣ ਤੱਕ ਚੁਣੇ ਜਾ ਚੁੱਕੇ ਸਿਟੀ ਕਾਉਂਸਲਰਾਂ, ਮੇਅਰਾਂ ਦੇ ਅੰਕੜੇ ਪੇਸ਼ ਕੀਤੇ ਗਏ ਹਨ ਜੋ ਬੇਹੱਦ ਦਿਲਚਸਪ ਹਨ। ਐਸੋਸੀਏਸ਼ਨ ਮੁਤਾਬਕ ਉਂਟੇਰੀਓ ਦੀਆਂ 444 ਮਿਊਂਸੀਪੈਲਟੀਆਂ ਵਿੱਚੋਂ 120 ਅਜਿਹੀਆਂ ਹਨ ਜਿਹਨਾਂ ਨੇ ਆਪਣੇ ਮੇਅਰ ਜਾਂ ਰੀਵਜ਼ ਬਿਨਾ ਮੁਕਾਬਲਾ ਚੁਣ ਲਏ ਹਨ। ਇਹਨਾਂ ਸ਼ਹਿਰਾਂ ਕਸਬਿਆਂ ਵਿੱਚ ਚੋਣਾਂ ਦੇ ਸ਼ੋਰ ਸ਼ਰਾਬੇ ਦਾ ਕੋਈ ਰੌਲਾ ਰੱਪਾ ਹੀ ਨਹੀਂ। 26 ਮਿਊਂਸਪੈਲਟੀਆਂ ਤਾਂ ਅਜਿਹੀਆਂ ਹਨ ਜਿੱਥੇ ਕਿਸੇ ਵੀ ਅਹੁਦੇ ਲਈ ਵੋਟ ਨਹੀਂ ਪਾਈ ਜਾਵੇਗੀ। 2014 ਵਿੱਚ 103 ਮਿਊਂਸਪੈਲਟੀਆਂ ਸਨ ਜਿੱਥੇ ਸਾਰੇ ਦੇ ਸਾਰੇ ਅਹੁਦੇਦਾਰਾਂ (ਮੇਅਰ ਜਾਂ ਕਾਉਂਸਲਰ) ਲਈ ਵੋਟ ਨਹੀਂ ਸੀ ਪਾਈ ਗਈ। ਇਸ ਵਾਰ ਮੇਅਰ ਅਤੇ ਸਿਟੀ ਕਾਉਂਸਲਰ ਬਿਨਾ ਮੁਕਾਬਲਾ ਚੁਣੇ ਜਾ ਚੁੱਕੇ ਹਨ। ਉਂਟੇਰੀਓ ਵਿੱਚ ਮੇਅਰਾਂ ਅਤੇ ਸਿਟੀ ਕਾਉਂਸਲਰਾਂ ਦੀਆਂ ਕੁੱਲ 3306 ਸੀਟਾਂ ਹਨ।

ਉੱਪਰ ਦਿੱਤੇ ਅੰਕੜਿਆਂ ਨੂੰ ਵੇਖ ਕੇ ਉਹਨਾਂ ਪੰਜਾਬੀਆਂ ਦੇ ਦਿਲ ਵਿੱਚ ਖਿਆਲ ਆ ਸਕਦਾ ਹੈ ਕਿ ਕਿਉਂ ਨਾ ਬੋਰੀਆ ਬਿਸਤਰ ਚੁੱਕ ਕੇ ਅਜਿਹੀਆਂ ਮਿਊਂਸਪੈਲਟੀਆਂ ਵਿੱਚ ਵੱਸਿਆ ਜਾਵੇ ਅਤੇ ਬਿਨਾ ਮੁਕਾਬਲਾ ਚੋਣ ਜਿੱਤ ਕੇ ਜਾਂ ਥੋੜਾ ਜਿਹਾ ਉੱਦਮ ਕਰਕੇ ਸਰਦਾਰੀਆਂ ਕਾਇਮ ਕੀਤੀਆਂ ਜਾਣ। ਆਖਰ ਨੂੰ ਪੰਜਾਬੀ ਕਮਿਊਨਿਟੀ ਵਿੱਚੋਂ ਬਹੁਤ ਲੋਕ ਸੇਵਾ ਨਾਲੋਂ ਸਰਦਾਰੀ ਦੀ ਚਾਹਤ ਨਾਲ ਚੋਣਾਂ ਵਿੱਚ ਖੜੇ ਹੋ ਜਾਂਦੇ ਹਨ। ਅਜਿਹੇ ਜੋਸ਼ਮੰਦ ਪੰਜਾਬੀਆਂ ਲਈ ਇੱਕ ਚੇਤਾਵਨੀ ਹੈ। ਉਂਟੇਰੀਓ ਦੀਆਂ ਬਹੁ ਗਿਣਤੀ ਮਿਊਂਸਪੈਲਟੀਆਂ (ਵਿਸ਼ੇਸ਼ ਕਰਕੇ ਦਿਹਾਤੀ) ਅਜਿਹੀਆਂ ਹਨ ਜਿੱਥੇ ਮੇਅਰਾਂ ਅਤੇ ਕਾਉਂਸਲਰਾਂ ਦੀ ਡਿਊਟੀ ਪਾਰਟ ਟਾਈਮ ਹੀ ਹੁੰਦੀ ਹੈ ਅਤੇ ਤਨਖਾਹਾਂ ਬਹੁਤ ਘੱਟ ਹੁੰਦੀਆਂ ਹਨ। ਇਸ ਕਾਰਣ ਉਹਨਾਂ ਨੂੰ ਘਰ ਦੇ ਖਰਚੇ ਪੂਰੇ ਕਰਨ ਲਈ ਪਾਰਟ ਟਾਈਮ ਕੋਈ ਹੋਰ ਨੌਕਰੀ ਕਰਨੀ ਪੈਂਦੀ ਹੈ। ਵੈਸੇ ਉਹਨਾਂ ਪੰਜਾਬੀਆਂ ਲਈ ਇਹ ਕੋਈ ਮਾੜੀ ਕਿਸਮਤ ਅਜ਼ਮਾਈ ਨਹੀਂ ਹੋਵੇਗੀ ਜਿਹਨਾਂ ਦਾ ਕਾਉਂਸਲਰ ਬਣਨ ਦਾ ਮਕਸਦ ਪੰਜਾਬ ਜਾ ਕੇ ਆਪਣੇ ਨਗਰ, ਪਿੰਡ ਜਾਂ ਸ਼ਹਿਰ ਵਿੱਚ ਫੋਕੀ ਟੌਹਰ ਜਮਾਉਣੀ ਹੁੰਦਾ ਹੈ। ਅਜਿਹੇ ਲੋਕਾਂ ਲਈ ਇਹ ਮਿਊਂਸਪੈਲਟੀਆਂ ਦਿਲਚਸਪ ਖਜਾਨਾ ਹੋ ਸਕਦੀਆਂ ਹਨ।

ਵੈਸੇ ਵੱਖ ਵੱਖ ਪੱਧਰ ਦੀਆਂ ਮਿਊਂਸਪੈਲਟੀਆਂ ਵਿੱਚ ਮਿਲਦੀਆਂ ਤਨਖਾਹਾਂ ਦਾ ਮੁਕਾਬਲਾ ਕਰਕੇ ਵੇਖਣਾ ਵੀ ਦਿਲਚਸਪ ਹੋਵੇਗਾ। ਐਸੋਸੀਏਸ਼ਨ ਆਫ ਮਿਊਂਸਪੈਲਟੀਜ਼ ਦੇ ਐਗਜ਼ੈਕਟਿਵ ਡਾਇਰੈਕਟਰ ਪੈਟ ਵਨਿਨੀ ਮੁਤਾਬਕ ਬਹੁਤ ਸਾਰੇ ਛੋਟੇ ਦਿਹਾਤੀ ਇਲਾਕਿਆਂ ਵਿੱਚ ਕਾਉਂਸਲਰਾਂ ਦੀ ਸਾਲਾਨਾ ਤਨਖਾਹ ਮਹਿਜ਼ 12 ਹਜ਼ਾਰ ਤੋਂ 15 ਹਜ਼ਾਰ ਡਾਲਰ ਦੇ ਦਰਮਿਆਨ ਹੀ ਹੁੰਦੀ ਹੈ। ਇਸਦਾ ਅਰਥ ਹੈ ਕਿ ਜੇ ਇਹ ਲੋਕ ਸਿਰਫ਼ ਮਿਊਂਸੀਪਲ ਤੋਂ ਮਿਲਣ ਵਾਲੀਆਂ ਤਨਖਾਹਾਂ ਉੱਤੇ ਗੁਜ਼ਾਰਾ ਕਰਨ ਤਾਂ ਗਰੀਬੀ ਦੀ ਰੇਖਾ ਤੋਂ ਥੱਲੇ ਰਹਿਣਗੇ।

ਦੂਜੇ ਪਾਸੇ ਬਰੈਂਪਟਨ ਵਿੱਚ ਸਿਟੀ ਕਾਉਂਸਲਰਾਂ ਨੇ ਅਪਰੈਲ 2018 ਵਿੱਚ ਖੁਦ ਹੀ ਮਤਾ ਪਾਸ ਕਰਕੇ ਖੁਦ ਦੀਆਂ ਤਨਖਾਹਾਂ ਵਿੱਚ ਵੱਡਾ ਵਾਧਾ ਕਰ ਲਿਆ ਸੀ। ਇਸ ਵਾਧੇ ਬਦੌਲਤ ਬਰੈਂਪਟਨ ਵਿੱਚ ਸਿਟੀ ਕਾਉਂਸਲਰ ਦੀ ਮੂਲ-ਤਨਖਾਹ 84,495 ਡਾਲਰਾਂ ਤੋਂ ਵੱਧ ਕੇ 88,573 ਡਾਲਰ ਅਤੇ ਮੇਅਰ ਦੀ ਮੂਲ-ਤਨਖਾਹ 110,722 ਡਾਲਰਾਂ ਤੋਂ ਵੱਧ ਕੇ 139,374 ਡਾਲਰ ਸਾਲਾਨਾ ਹੋ ਗਈ ਸੀ। ਇਸਤੋਂ ਇਲਾਵਾ ਹਰ ਕਾਉਂਸਲਰ ਨੂੰ ਸਾਲਾਨਾ 12 ਹਜ਼ਾਰ ਅਤੇ ਮੇਅਰ ਨੂੰ 16 ਹਜ਼ਾਰ ਡਾਲਰ ਹੋਰ ਭੱਤੇ ਮਿਲਦੇ ਹਨ। ਮੇਅਰ ਅਤੇ ਕਾਉਂਸਲਰਾਂ ਨੂੰ ਸਾਲਾਨਾ 16 ਹਜ਼ਾਰ ਡਾਲਰ ਸਫ਼ਰ ਭੱਤਾ ਵੀ ਮਿਲਦਾ ਹੈ।

ਮਿਸੀਸਾਗਾ ਵਿੱਚ ਵੀ ਮਿਊਂਸਪਲ ਕਾਉਂਸਲਰਾਂ ਅਤੇ ਮੇਅਰ ਦੀਆਂ ਤਨਖਾਹਾਂ ਲੱਗਭੱਗ ਬਰੈਂਪਟਨ ਦੇ ਬਰਾਬਰ ਹੀ ਹਨ। ਟੋਰਾਂਟੋ ਵਿੱਚ ਕੁੱਝ ਵਧੇਰੇ। ਛੋਟੀਆਂ ਮਿਊਂਸਪੈਲਟੀਆਂ ਵਿੱਚ ਵੋਟ ਰਾਹੀਂ ਜਾਂ ਬਿਨਾ ਮੁਕਾਬਲਾ ਚੁਣੇ ਜਾਣ ਦਾ ਭਾਵ ਹੈ ਕਿ ਉਮੀਦਵਾਰ ਦਿਲ ਜਾਨ ਤੋਂ ਸੇਵਾ ਕਰਨ ਕਿਉਂਕਿ ਭੂਗੋਲਿਕ ਰੂਪ ਵਿਚ ਬਹੁਤ ਵੱਡੀਆਂ ਪਰ ਜਨਸੰਖਿਆ ਵੱਲੋਂ ਛੋਟੀਆਂ ਮਿਊਂਸਪੈਲਟੀਆਂ ਦੀਆਂ ਸਮੱਸਿਆਵਾਂ ਬਹੁਤ ਗੰਭੀਰ ਹੁੰਦੀਆਂ ਹਨ। ਹੈ ਕੋਈ ਅਗਲੀ ਵਾਰ ਇਹਨਾਂ ਥਾਵਾਂ ਉੱਤੇ ਜਾ ਕੇ ਕਿਸਮਤ ਅਜ਼ਾਈ ਕਰਨ ਵਾਲਾ?

## ਰਿਸ਼ਵਤ ਦੇ ਕੇਸ ਵਿੱਚ ਪਾਕਿਸਤਾਨੀ ਰਾਜਦੂਤ ਸਿੱਦੀਕੀ ਤਲਬ

ਲਾਹੌਰ, 14 ਅਕਤੂਬਰ (ਪੋਸਟ ਬਿਊਰੋ)- ਪਾਕਿਸਤਾਨ ਦੇ ਕੌਮੀ ਜਵਾਬਦੇਹੀ ਬਿਊਰੋ (ਐਨ ਏ ਬੀ) ਨੇ ਅਮਰੀਕਾ ਵਿੱਚ ਇਸ ਦੇਸ਼ ਦੇ ਰਾਜਦੂਤ ਅਲੀ ਜਹਾਂਗੀਰ ਸਿੱਦੀਕੀ ਨੂੰ ਵੱਢੀ ਦੇ ਕੇ ਨਿਯੁਕਤੀ ਕਰਵਾਉਣ ਦੇ ਦੋਸ਼ ਹੇਠ 19 ਅਕਤੂਬਰ ਨੂੰ ਤਲਬ ਕੀਤਾ ਹੈ। ਭ੍ਰਿਸ਼ਟਾਚਾਰ ਵਿਰੋਧੀ ਅਦਾਰੇ ਦੇ ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਇਹ ਖੁਲਾਸਾ ਹੋਇਆ ਹੈ ਕਿ ਸਿੱਦੀਕੀ ਅਤੇ ਸਾਬਕਾ ਪ੍ਰਧਾਨ ਮੰਤਰੀ ਦੇ ਪ੍ਰਿੰਸੀਪਲ ਸਕੱਤਰ ਰਹਿ ਚੁੱਕੇ ਫਵਾਦ ਹਸਨ ਫਵਾਦ ਵਿਚਾਲੇ 15 ਕਰੋੜ ਰੁਪਏ ਦਾ ਲੈਣ ਦੇਣ ਹੋਇਆ ਸੀ, ਜਿਸ ਤੋਂ ਬਾਅਦ ਉਨ੍ਹਾਂ ਨੂੰ ਤਲਬ ਕੀਤਾ ਗਿਆ ਹੈ। ਅਧਿਕਾਰੀ ਨੇ ਦੱਸਿਆ ਕਿ ਫਵਾਦ ਦੀ ਬੇਹਿਸਾਬੀ ਦੌਲਤ ਦੇ ਕੇਸ ਦੀ ਜਾਂਚ ਤੋਂ ਪਤਾ ਚੱਲਿਆ ਹੈ ਕਿ ਸਿੱਦੀਕੀ ਨੇ ਅਮਰੀਕਾ ਵਿੱਚ ਦੇਸ਼ ਦਾ ਰਾਜਦੂਤ ਬਣਨ ਖਾਤਰ ਸਾਬਕਾ ਪ੍ਰਧਾਨ ਮੰਤਰੀ ਸ਼ਾਹਿਦ ਖਾਕਾਨ ਅੱਬਾਸੀ ਦੀ ਪ੍ਰਵਾਨਗੀ ਲਈ ਫਵਾਦ ਨੂੰ 15 ਕਰੋੜ ਰੁਪਏ ਦਿੱਤੇ ਸਨ। ਇਸ ਤੋਂ ਇਲਾਵਾ ਐਨ ਏ ਬੀ ਨੇ ਸ਼ੇਅਰ ਬਾਜ਼ਾਰ ਦੇ ਇਕ ਕੇਸ ਵਿੱਚ ਸਿੱਦੀਕੀ ਦੇ ਜਵਾਬ ਨੂੰ ਗੈਰ ਤਸੱਲੀਬਖਸ਼ ਪਾਇਆ ਹੈ।

ਵਧੀਆ ਮੁਨਾਫ਼ੇ ਲਈ ਭਾਰਤ ਵਿੱਚ ਨਿਵੇਸ਼ ਕਰੋ
INVEST FOR SMART RETURN IN INDIA
SALE PURCHASE & MANAGEMENT OF COMMERCIAL RESIDENCIAL PROPERTIES IN DELHI, GURGAON, NOIDA, CHANDIGARH, PUNJAB AND INVEST IN RUNNING HOSPITALS FOR SMART & SAFE RETURNS
Bhalla: 91-9316255513 | Bhullar: 905.453.0000
For More Details www.conceptindiaservices.com




## ਤਿਓਹਾਰੀ ਸੀਜ਼ਨ ਮੌਕੇ ਬ੍ਰਿਟੇਨ ਸਰਕਾਰ ਵਲੋਂ ਭਾਰਤੀ ਭਾਈਚਾਰੇ ਨੂੰ ਐਡਵਾਇਜ਼ਰੀ ਜਾਰੀ

ਲੰਡਨ, 14 ਅਕਤੂਬਰ (ਪੋਸਟ ਬਿਊਰੋ)- ਬ੍ਰਿਟੇਨ ਦੀ ਸਰਕਾਰ ਨੇ ਆਪਣੇ ਦੇਸ਼ ਵਿੱਚ ਵੱਸਦੇ ਭਾਰਤੀ ਲੋਕਾਂ ਲਈ ਖਾਸ ਸਲਾਹ ਜਾਰੀ ਕੀਤੀ ਹੈ ਕਿ ਉਹ ਖਾਸ ਕਰਕੇ ਦਿਵਾਲੀ ਮੌਕੇ ਸੋਨੇ ਜਾਂ ਜਿਊਲਰੀ ਨੂੰ ਬਚਾ ਕੇ ਰੱਖਣ, ਕਿਉਂਕਿ ਕਿਸੇ ਵੇਲੇ ਵੀ ਚੋਰਾਂ ਦੀ ਨਜ਼ਰ ਇਨ੍ਹਾਂ ਚੀਜਾਂ 'ਤੇ ਪੈ ਸਕਦੀ ਹੈ। ਸਰਕਾਰ ਵਲੋਂ ਇਹ ਸਲਾਹ ਬੀਤੇ ਸਾਲ ਲੰਡਨ, ਲੀਸੈਸਟਰ ਅਤੇ ਬਰਮਿੰਘਮ ਵਿਚ ਹੋਈਆਂ ਸੋਨੇ ਦੀਆਂ ਚੋਰੀਆਂ ਨੂੰ ਦੇਖਦਿਆਂ ਦਿੱਤੀ ਗਈ ਹੈ।

ਬੀਤੇ ਸਾਲ ਵਿਚ ਹੋਈਆਂ 1891 ਚੋਰੀਆਂ ਵਿਚ ਭਾਰਤੀ ਅਤੇ ਏਸ਼ੀਅਨ ਭਾਈਚਾਰੇ ਦੇ ਲੋਕ ਪੀੜਤ ਸਨ। ਇਨ੍ਹਾਂ ਵਿਚ 6369 ਆਈਟਮਾਂ ਸੋਨੇ ਦੀ ਜਿਊਲਰੀ ਦੀਆਂ ਸਨ, ਜਿਨ੍ਹਾਂ ਦੀ ਕੁਲ ਕੀਮਤ ਲਗਭਗ 90 ਲੱਖ ਪੌਂਡ ਦੇ ਕਰੀਬ ਸੀ। ਇਸ ਨੂੰ ਦੇਖ ਕੇ ਸਕਾਟਲੈਂਡ ਯਾਰਡ ਨੇ ਭਾਰਤੀ ਲੋਕਾਂ ਨੂੰ ਆਪਣੀ ਜਿਊਲਰੀ ਜ਼ਰਾ ਬਚਾ ਕੇ ਰੱਖਣ ਦੀ ਸਲਾਹ ਦਿੱਤੀ ਹੈ। ਸਕਾਟਲੈਂਡ ਯਾਰਡ ਵਲੋਂ ਜਾਰੀ ਸਲਾਹ ਵਿਚ ਕਿਹਾ ਗਿਆ ਹੈ ਕਿ ਇਸ ਤਿਓਹਾਰੀ ਸੀਜ਼ਨ ਮੌਕੇ ਭਾਰਤੀ ਕਮਿਊਨਿਟੀ ਦੇ ਲੋਕ ਕਾਫੀ ਸੋਨਾ ਖਰੀਦਦੇ ਹਨ ਤੇ ਇਸ ਤਿਓਹਾਰ ਮੌਕੇ ਪਹਿਨਣ ਦੇ ਚਾਹਵਾਨ ਹੁੰਦੇ ਹਨ ਜਿਸ ਸਦਕਾ ਉਹ ਚੋਰਾਂ ਲਈ ਇਕ ਸੌਖਾ ਨਿਸ਼ਾਨਾ ਬਣ ਜਾਂਦੇ ਹਨ। ਡਿਟੈਕਟਿਵ ਲੀਜ਼ਾ ਕੀਲੀ ਨੇ ਕਿਹਾ ਕਿ ਸੋਨਾ ਚੋਰਾਂ ਜਾਂ ਅਪਰਾਧੀਆਂ ਲਈ ਬਹੁਤ ਪਸੰਦੀਦਾ ਵਸਤੂ ਹੈ, ਜਿਸ ਦੇ ਏਵਜ਼ ਵਿਚ ਉਨ੍ਹਾਂ ਨੂੰ ਬਹੁਤ ਸਾਰਾ ਪੈਸਾ ਮਿਲ ਜਾਂਦਾ ਹੈ। ਸੋਨਾ ਮਹਿੰਗੀ ਚੀਜ਼ ਹੀ ਨਹੀਂ, ਇਸ ਨੂੰ ਪਹਿਨਣ ਵਾਲਿਆਂ ਦੀਆਂ ਖਾਸ ਭਾਵਨਾਵਾਂ ਜੁੜੀਆਂ ਹੁੰਦੀਆਂ ਹਨ।

## ਹਵਾ ਪ੍ਰਦੂਸ਼ਣ ਕਾਰਨ 23 ਸੂਬਿਆਂ ਨੂੰ ਗਰੀਨ ਟ੍ਰਿਬਿਊਨਲ ਨੇ ਝਾੜ ਪਾਈ

ਨਵੀਂ ਦਿੱਲੀ, 14 ਅਕਤੂਬਰ (ਪੋਸਟ ਬਿਊਰੋ)- ਨੈਸ਼ਨਲ ਗਰੀਨ ਟ੍ਰਿਬਿਊਨਲ (ਐਨ ਜੀ ਟੀ) ਨੇ ਦਿੱਲੀ ਅਤੇ ਚੰਡੀਗੜ੍ਹ ਸਮੇਤ 23 ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਹਵਾ ਪ੍ਰਦੂਸ਼ਣ ਨਾਲ ਲੜਨ ਲਈ ਦੋ ਮਹੀਨੇ ਦੇ ਅੰਦਰ ਕਾਰਜ ਯੋਜਨਾ ਤਿਆਰ ਕਰਨ ਦਾ ਆਦੇਸ਼ ਦਿੱਤਾ ਹੈ। ਐੱਨ ਜੀ ਟੀ ਨੇ ਜ਼ੋਰ ਦਿੱਤਾ ਕਿ 102 ਸ਼ਹਿਰਾਂ 'ਚ ਹਵਾ ਦੀ ਗੁਣਵੱਤਾ ਦੇਸ਼ ਭਰ ਦੇ ਕੁਆਲਟੀ ਸਟੈਂਡਰਡ ਦੇ ਮੁਤਾਬਕ ਨਹੀਂ ਹੈ। ਟ੍ਰਿਬਿਊਨਲ ਨੇ ਹਵਾ ਗੁਣਵੱਤਾ ਨਿਗਰਾਨੀ ਕਮੇਟੀ ਬਣਾਈ ਹੈ। ਇਸ ਵਿੱਚ ਵਾਤਾਵਰਨ, ਆਵਾਜਾਈ, ਉਦਯੋਗ, ਸ਼ਹਿਰੀ ਵਿਕਾਸ, ਖੇਤੀਬਾੜੀ ਵਿਭਾਗ ਦੇ ਡਾਇਰੈਕਟਰ ਅਤੇ ਰਾਜ ਪ੍ਰਦੂਸ਼ਣ ਬੋਰਡਾਂ ਦੇ ਮੈਂਬਰ-ਸਕੱਤਰ ਸ਼ਾਮਲ ਕੀਤੇ ਗਏ ਹਨ।

ਇਸ ਸੰਬੰਧ ਵਿੱਚ ਐੱਨ ਜੀ ਟੀ ਨੇ ਕਿਹਾ ਕਿ ਕਾਰਜ ਯੋਜਨਾ ਬਣਾਉਣ 'ਚ ਨਾਕਾਮ ਰਹਿਣ ਵਾਲੇ ਸੂਬਿਆਂ ਦੇ ਮੁਖ ਸਕੱਤਰਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ ਪ੍ਰਸ਼ਾਸਕ ਨਿੱਜੀ ਤੌਰ ਉੱਤੇ ਜਵਾ-ਬਦੇਹ ਹੋਣਗੇ। ਜਿਨ੍ਹਾਂ ਰਾਜਾਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਕਾਰਜ ਯੋਜਨਾ ਤਿਆਰ ਕਰਨ ਨੂੰ ਕਿਹਾ ਗਿਆ ਹੈ, ਉਨ੍ਹਾਂ 'ਚ ਮਹਾਰਾਸ਼ਟਰ,ਉੱਤਰ ਪ੍ਰਦੇਸ਼, ਪੰਜਾਬ, ਹਿਮਾਚਲ ਪ੍ਰਦੇਸ਼, ਓਡੀਸ਼ਾ, ਮੱਧ ਪ੍ਰਦੇਸ਼, ਅਸਾਮ, ਆਂਧਰਾ ਪ੍ਰਦੇਸ਼ ਅਤੇ ਰਾਜਸਥਾਨ, ਕਰਨਾਟਕ, ਬਿਹਾਰ, ਛੱਤੀਸਗੜ੍ਹ, ਤੇਲੰਗਾਨਾ, ਗੁਜਰਾਤ, ਜੰਮੂ-ਕਸ਼ਮੀਰ, ਨਾਗਾਲੈਂਡ, ਉਤਰਾ ਖੰਡ, ਝਾਰਖੰਡ, ਦਿੱਲੀ, ਚੰਡੀਗੜ੍ਹ, ਮੇਘਾਲਿਆ, ਤਾਮਿਲ ਨਾਡੂ ਤੇ ਪੱਛਮੀ ਬੰਗਾਲ ਆਦਿ ਸ਼ਾਮਲ ਹਨ। ਅਥਾਰਟੀ ਨੇ ਕਿਹਾ ਕਿ ਨਿਗਰਾਨੀ ਕਮੇਟੀ ਸੰਬੰਧਿਤ ਰਾਜ ਜਾਂ ਕੇਂਦਰੀ ਪ੍ਰਦੇਸ਼ ਦੇ ਵਾਤਾਵਰਨ ਵਿਭਾਗ ਦੇ ਪ੍ਰਧਾਨ ਸਕੱਤਰ ਦੀ ਨਿਗਰਾਨੀ 'ਚ ਕੰਮ ਕਰੇਗੀ।

## ਦਿੱਲੀ ਵਾਸੀਆਂ ਨੂੰ ਹਸਪਤਾਲ ਵਿੱਚ ਪਹਿਲ ਦੀ ਦਿੱਲੀ ਸਰਕਾਰ ਦੀ ਸਕੀਮ ਰੱਦ

ਨਵੀਂ ਦਿੱਲੀ, 14 ਅਕਤੂਬਰ (ਪੋਸਟ ਬਿਊਰੋ)- ਦਿੱਲੀ ਹਾਈ ਕੋਰਟ ਨੇ ਅੱਜ ਇਕ ਆਦੇਸ਼ ਨਾਲ ਕੇਜਰੀਵਾਲ ਸਰਕਾਰ ਨੂੰ ਵੱਡਾ ਝਟਕਾ ਦਿੱਤਾ ਅਤੇ ਰਾਜਧਾਨੀ ਦੇ ਗੁਰੂ ਤੇਗ ਬਹਾਦੁਰ ਹਸਪਤਾਲ 'ਚ ਇਲਾਜ ਲਈ ਦਿੱਲੀ ਵਾਸੀਆਂ ਨੂੰ ਹੋਰ ਲੋਕਾਂ ਦੇ ਮੁਕਾਬਲੇ ਪਹਿਲ ਦੇਣ ਦੇ ਦਿੱਲੀ ਸਰਕਾਰ ਦੇ ਸਰਕੂਲਰ ਨੂੰ ਨੂੰ ਰੱਦ ਕਰ ਦਿੱਤਾ ਹੈ। ਚੀਫ ਜਸਟਿਸ ਰਜਿੰਦਰ ਮੈਨਨ ਅਤੇ ਜਸਟਿਸ ਵੀ ਕੇ ਰਾਓ ਦੀ ਬੈਂਚ ਨੇ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਇਸ ਪਾਇਲਟ ਪ੍ਰਾਜੈਕਟ ਨੂੰ ਚੁਣੌਤੀ ਦੇਣ ਵਾਲੀ ਇਕ ਐੱਨ ਜੀ ਓ ਦੀ ਪਟੀਸ਼ਨ ਉਤੇ ਫੈਸਲਾ ਰਾਖਵਾਂ ਰੱਖਿਆ ਸੀ। ਇਸ ਬਾਰੇ ਅਦਾਲਤ ਵਿਚਾਰ ਕਰ ਰਹੀ ਸੀ ਕਿ ਹੋਰ ਲੋਕਾਂ ਦੇ ਮੁਕਾਬਲੇ ਗੁਰੂ ਤੇਗ ਬਹਦਾਰ ਹਸਪਤਾਲ ਵਿੱਚ ਇਲਾਜ ਦੇ ਲਈ ਦਿੱਲੀ ਵਾਸੀਆਂ ਨੂੰ ਪਹਿਲ ਦੇਣ ਨਾਲ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਪ੍ਰਾਜੈਕਟ ਸੰਵਿਧਾਨ ਵਿਚਲੇ ਬਰਾਬਰੀ ਅਤੇ ਜੀਵਨ ਦੇ ਅਧਿਕਾਰ ਦਾ ਉਲੰਘਣ ਹੁੰਦਾ ਹੈ ਜਾਂ ਨਹੀਂ। ਇਸ ਕੇਸ ਦੀ ਸੁਣਵਾਈ ਦੌਰਾਨ ਹਾਈ ਕੋਰਟ ਨੇ ਕਿਹਾ ਕਿ ਦਿੱਲੀ ਸਰਕਾਰ ਦਾ ਆਦੇਸ਼ ਤਰਕਹੀਣ ਮੰਨਿਆ ਹੈ। ਅਦਾਲਤ ਨੇ ਕਿਹਾ ਕਿ ਦਿੱਲੀ ਦੇਸ਼ ਦੀ ਰਾਜਧਾਨੀ ਹੈ ਤੇ ਦੇਸ਼ ਦੇ ਕਿਸੇ ਵੀ ਮਰੀਜ਼ ਨੂੰ ਇਲਾਜ ਲਈ ਮਨ੍ਹਾ ਨਹੀਂ ਕੀਤਾ ਜਾ ਸਕਦਾ।

ਪੰਜਾਬੀ ਪੋਸਟ
Canadian Punjabi Post
Head Office
27 Armthorpe Road, Unit # 3
Brampton, Ontario, L6T 5M4
Ph. 905-793-2202
Fax. 905-793-2282

| | |
|---|---|
| Founder Editor | - Jagdish Singh Grewal |
| Managing Director | - Parminder Kaur Grewal |
| Honorary Editor | - Jatinder Pannu |
| Contributing Editors | - Karam Singh Punia<br>- Gyan Singh<br>- Angrej Singh |
| Office Admin Assistant | - Priya Sodhi |
| Marketing Executives | - HS Nagpal<br>- Gurpreet Singh Pall<br>- |
| Photographer | - Kanwaljit Singh Kanwal |
| Distribution | - Aman Warriach |

Canadian Punjabi Post is published daily (Monday - Friday). All the advertisement contents are the responsibility of the advertisers. The opinions expressed in the articles and columns are those of the writers, editor or any other staff member of Canadian Punjabi Post assumes no responsibility of any kind.

## ਸੁਪਰੀਮ ਕੋਰਟ ਨੇ ਫਤਵਿਆਂ ਬਾਰੇ ਉੱਤਰਾ ਖੰਡ ਹਾਈ ਕੋਰਟ ਦਾ ਫੈਸਲਾ ਰੋਕਿਆ

ਨਵੀਂ ਦਿੱਲੀ, 14 ਅਕਤੂਬਰ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਉਤਰਾਖੰਡ ਹਾਈ ਕੋਰਟ ਦੇ ਉਸ ਫੈਸਲੇ ਉਤੇ ਰੋਕ ਲਾ ਦਿੱਤੀ ਹੈ, ਜਿਸ ਵਿੱਚ ਫਤਵੇ ਅਤੇ ਫਰਮਾਨ ਉੱਤੇ ਪੂਰੀ ਤਰ੍ਹਾਂ ਨਾਲ ਪਾਬੰਦੀ ਲਾ ਦਿੱਤੀ ਗਈ ਸੀ। ਅੱਜ ਸ਼ੁੱਕਰਵਾਰ ਨੂੰ ਉੱਤਰਾ ਖੰਡ ਦੇ ਫੈਸਲੇ 'ਤੇ ਵਿਚਾਰ ਕਰਦੇ ਹੋਏ ਸੁਪਰੀਮ ਕੋਰਟ ਨੇ ਇਸ ਕੇਸ ਦੇ ਪਟੀਸ਼ਨ ਕਰਤਾਵਾਂ ਨੂੰ ਨੋਟਿਸ ਜਾਰੀ ਕਰਕੇ ਇਸ ਮੰਗ ਦਾ ਜਵਾਬ ਦੇਣ ਲਈ ਕਿਹਾ ਹੈ।

ਵਰਨਣ ਯੋਗ ਹੈ ਕਿ ਇਸ ਸਾਲ 30 ਅਗਸਤ ਨੂੰ ਉੱਤਰਾ ਖੰਡ ਹਾਈ ਕੋਰਟ ਨੇ ਇਸ ਸੂਬੇ 'ਚ ਹਰ ਤਰ੍ਹਾਂ ਦੇ ਖਾਸ ਕਰਕੇ ਧਾਰਮਿਕ ਸੰਸਥਾਵਾਂ, ਸੰਗਠਨਾਂ, ਪੰਚਾਇਤਾਂ, ਸਥਾਨਕ ਪੰਚਾਇਤਾਂ ਅਤੇ ਜਨਤਕ ਗਰੁੱਪਾਂ ਵਲੋਂ ਜਾਰੀ ਕੀਤੇ ਜਾਣ ਵਾਲੇ ਫਤਵੇ ਜਾਂ ਫਰਮਾਨ 'ਤੇ ਪਾਬੰਦੀ ਲਾ ਦਿੱਤੀ ਸੀ। ਹਾਈ ਕੋਰਟ ਨੇ ਕਿਹਾ ਸੀ ਕਿ ਫਤਵੇ ਗੈਰ ਸੰਵਿਧਾਨਿਕ ਹਨ ਅਤੇ ਇਹ ਵਿਅਕਤੀ ਦੇ ਮੁੱਢਲੇ ਅਧਿਕਾਰਾਂ ਦੇ ਖਿਲਾਫ ਹਨ। ਕਾਰਜਕਾਰੀ ਚੀਫ ਜਸਟਿਸ ਰਾਜੀਵ ਸ਼ਰਮਾ ਤੇ ਜਸਟਿਸ ਸ਼ਰਦ ਕੁਮਾਰ ਸ਼ਰਮਾ ਦੀ ਬੈਂਚ ਨੇ ਹਰਿਦੁਆਰ ਦੇ ਨੇੜਲੇ ਪਿੰਡ ਵਿੱਚ ਨਾਬਾਲਿਗ ਨਾਲ ਬਲਾਤਕਾਰ ਪਿੱਛੋਂ ਜਾਰੀ ਹੋਏ ਫਤਵੇ ਦੇ ਬਾਅਦ ਇਹ ਪਾਬੰਦੀ ਲਾਈ ਸੀ। ਇੱਕ ਅਖਬਾਰੀ ਰਿਪੋਰਟ 'ਤੇ ਧਿਆਨ ਦੇਣ ਦੇ ਬਾਅਦ ਹਾਈ ਕੋਰਟ ਨੇ ਫਤਵੇ 'ਤੇ ਰੋਕ ਲਾ ਦਿੱਤੀ ਸੀ। ਇਸ ਰਿਪੋਰਟ ਮੁਤਾਬਕ ਹਰਿ-ਦੁਆਰ 'ਚ ਫਤਵਾ ਜਾਰੀ ਕਰ ਕੇ 15 ਸਾਲਾ ਬਲਾਤਕਾਰ ਪੀੜਤ ਕੁੜੀ ਤੇ ਉਸ ਦੇ ਪਰਿਵਾਰ ਨੂੰ ਪਿੰਡ ਛੱਡਣ ਦਾ ਹੁਕਮ ਜਾਰੀ ਕਰ ਦਿੱਤਾ ਗਿਆ ਸੀ। ਹਾਈ ਕੋਰਟ ਨੇ ਕਿਹਾ ਸੀ ਕਿ ਏਦਾਂ ਦੇ ਸਾਰੇ ਫਤਵੇ ਨਾਜਾਇਜ਼ ਅਤੇ ਗੈਰ ਸੰਵਿਧਾਨਿਕ ਹਨ। ਕੋਰਟ ਨੇ ਇਹ ਵੀ ਕਿਹਾ ਸੀ ਕਿ ਪੰਚਾਇਤ ਨੇ ਬਲਾਤਕਾਰ ਪੀੜਤ ਨਾਲ ਹਮਦਰਦੀ ਕਰਨ ਦੀ ਥਾਂ ਪਰਵਾਰ ਨੂੰ ਪਿੰਡ ਤੋਂ ਕੱਢਣ ਦੀ ਗੱਲ ਕੀਤੀ।

## ਹੋਏ ਹੌਸਲਾ ਤਾਂ ਸਰ ਪਹਾੜ ਹੋਵਣ..

-ਜਗਸੀਰ ਸਿੰਘ ਮੋਹਲ

ਭਾਰਤ ਸਕਾਊਟਸ ਐਂਡ ਗਾਈਡਜ਼ ਪੰਜਾਬ ਦੇ ਸਟੇਟ ਟਰੇਨਿੰਗ ਸੈਂਟਰ (ਤਾਰਾ ਦੇਵੀ, ਸ਼ਿਮਲਾ) ਵਿੱਚ ਸਕਾਊਟ ਮਾਸਟਰਾਂ ਦੀ ਵਰਕਸ਼ਾਪ ਵਿੱਚ ਭਾਗ ਲੈਣ ਲਈ ਅਧਿਆਪਕ ਮਿੱਤਰ ਭੁਪਿੰਦਰ ਸਿੰਘ ਬਰੇਟਾ ਨਾਲ ਮੇਰਾ ਸਾਥ ਬਣ ਗਿਆ। ਮਿਥੀ ਤਾਰੀਕ ਨੂੰ ਆਪੋ ਆਪਣੇ ਸ਼ਹਿਰੋਂ ਪਹਿਲੀ ਬੱਸ ਚੜ੍ਹ ਕੇ ਸਵੇਰੇ ਨੌਂ ਕੁ ਵਜੇ ਚੰਡੀਗੜ੍ਹ ਦੇ ਬੱਸ ਅੱਡੇ ਉਪਰ ਪਹੁੰਚ ਚਾਹ ਪਾਣੀ ਪੀਣ ਤੋਂ ਬਾਅਦ ਅਸੀਂ ਕਾਲਕਾ ਵਾਲੀ ਬੱਸ ਵਿੱਚ ਬੈਠ ਗਏ, ਕਾਲਕਾ ਤੋਂ ਤਾਰਾ ਦੇਵੀ ਤੱਕ ਖਿਡੌਣਾ ਰੇਲ ਗੱਡੀ ਦੇ ਸਫਰ ਦਾ ਆਨੰਦ ਜੋ ਲੈਣਾ ਸੀ। ਬੱਸ ਅਜੇ ਚੱਲੀ ਨਹੀਂ ਸੀ ਕਿ ਹਲਕਾ-ਹਲਕਾ ਮੀਂਹ ਪੈਣਾ ਸ਼ੁਰੂ ਹੋ ਗਿਆ। ਕਾਲਕਾ ਪਹੁੰਚੇ ਤਾਂ ਮੀਂਹ ਬਹੁਤ ਤੇਜ਼ ਹੋ ਚੁੱਕਾ ਸੀ। ਮੀਂਹ ਤੋਂ ਬਚਦੇ ਬਚਾਉਂਦੇ ਅਸੀਂ ਬੱਸ ਸਟੈਂਡ ਤੋਂ ਰੇਲਵੇ ਸਟੇਸ਼ਨ ਪਹੁੰਚੇ। ਸਵਾ ਕੁ ਬਾਰਾਂ ਵਜੇ ਕਾਲਕਾ ਤੋਂ ਸ਼ਿਮਲਾ ਨੂੰ ਚੱਲ ਕੇ ਰੇਲ ਗੱਡੀ ਹੌਲੀ-ਹੌਲੀ ਪਹਾੜੀਆਂ ਚੜ੍ਹਨ ਲੱਗੀ।

ਮੈਂ ਅਤੇ ਮੇਰਾ ਮਿੱਤਰ ਰੇਲ ਗੱਡੀ ਦੇ ਇੰਜਣ ਤੋਂ ਬਾਅਦ ਵਾਲੇ ਪਹਿਲੇ ਡੱਬੇ ਵਿੱਚ ਬੈਠੇ ਸੀ। ਉਸੇ ਡੱਬੇ ਵਿੱਚ ਹੀ ਤਾਰਾ ਦੇਵੀ ਵਿਖੇ ਰਾਜ ਪੁਰਸਕਾਰ ਕੈਂਪ ਲਈ ਜਾਣ ਵਾਲੇ ਬਰਨਾਲੇ ਜ਼ਿਲੇ ਦੇ ਨੌਂ ਦਸ ਸਕਾਊਟ ਵਿਦਿਆਰਥੀ ਆਪਣੇ ਅਧਿਆਪਕ ਨਾਲ ਬੈਠੇ ਸਨ। ਸਾਰੇ ਰਸਤੇ ਲਗਾਤਾਰ ਕਦੇ ਹਲਕਾ ਅਤੇ ਕਦੇ ਤੇਜ਼ ਹੁੰਦਾ ਮੀਂਹ ਪਹਾੜੀਆਂ ਵਿੱਚੋਂ ਆਉਂਦੀ ਠੰਢੀ ਹਵਾ ਨਾਲ ਮਿਲ ਕੇ ਦਿਲ ਨੂੰ ਆਨੰਦਿਤ ਕਰ ਰਿਹਾ ਸੀ। ਰੇਲ ਗੱਡੀ ਜਦੋਂ ਪਹਾੜੀਆਂ ਵਿੱਚੋਂ ਬਣੀਆਂ ਸੁਰੰਗਾਂ ਵਿੱਚੋਂ ਲੰਘਦੀ ਤਾਂ ਸਕਾਊਟਾਂ ਦੁਆਰਾ ਖੁਸ਼ੀ ਵਿੱਚ ਮਾਰੀਆਂ ਕੂਕਾਂ, ਰੇਲ ਗੱਡੀ ਦੀ ਛੁਕ-ਛੁਕ ਅਤੇ ਮੀਂਹ ਦੀ ਤਿਪ-ਤਿਪ ਨਾਲ ਮਿਲ ਕੇ ਮਾਹੌਲ ਨੂੰ ਹੋਰ ਆਨੰਦਮਈ ਬਣਾ ਰਹੀਆਂ ਸਨ। ਯਾਤਰੀ ਸਫਰ ਦਾ ਆਨੰਦ ਮਾਣ ਰਹੇ ਸਨ।

ਡੇਢ ਦੋ ਘੰਟੇ ਦੇ ਸਫਰ ਤੋਂ ਬਾਅਦ ਰੇਲ ਗੱਡੀ ਕੋਟੀ ਸਟੇਸ਼ਨ ਤੋਂ ਸੋਨ-ਵਾਰਾ ਸਟੇਸ਼ਨ ਵੱਲ ਵਧ ਰਹੀ ਸੀ ਕਿ 15 ਤੇ 16 ਨੰਬਰ ਸੁਰੰਗ ਦੇ ਵਿਚਾਲੇ ਰੇਲ ਗੱਡੀ ਅੱਗੇ ਵੱਡਾ ਪੱਥਰ ਆਣ ਡਿੱਗਿਆ ਜੋ ਇੰਜਣ ਨਾਲ ਅੱਗੇ ਵੱਜ ਕੇ ਪਟੜੀ ਦੇ ਵਿਚਕਾਰ ਰੁਕ ਗਿਆ। ਗੱਡੀ ਰੁਕ ਗਈ। ਪੱਥਰ ਦਾ ਖੜਾਕ ਹੋਣ ਅਤੇ ਅਚਾਨਕ ਰੇਲ ਗੱਡੀ ਰੁਕ ਜਾਣ ਕਰਕੇ ਤਕਰੀਬਨ ਸਾਰੇ ਯਾਤਰੀ ਹੇਠਾਂ ਉਤਰ ਗਏ। ਅਸੀਂ ਦੋਵੇਂ ਵੀ ਮੌਕਾ ਵੇਖਣ ਲਈ ਹੇਠਾਂ ਆ ਗਏ ਸਾਂ। ਰੇਲ ਗੱਡੀ ਦੇ ਚਾਲਕ ਨੇ ਆਪਣੇ ਅਫਸਰਾਂ ਨੂੰ ਫੋਨ ਕੀਤਾ ਅਤੇ ਫਿਰ ਸਾਨੂੰ ਦੱਸਿਆ ਕਿ ਮਹਿਕਮੇ ਵੱਲੋਂ ਪੱਥਰ ਹਟਾਉਣ ਲਈ ਭੇਜੀ ਸਹਾਇਤਾ ਘੱਟੋ-ਘੱਟ ਘੰਟੇ ਤੱਕ ਪਹੁੰਚੇਗੀ। ਭੈਅਭੀਤ ਹੋਏ ਯਾਤਰੀ ਇਕ ਘੰਟਾ ਉਡੀਕਣ ਦੀ ਗੱਲ ਸੁਣ ਕੇ ਮਾਯੂਸ ਹੋ ਗਏ।

ਅਚਾਨਕ ਮੇਰੇ ਮਿੱਤਰ ਭੁਪਿੰਦਰ ਨੂੰ ਫੁਰਨਾ ਫੁਰਿਆ। ਉਸ ਨੇ ਪੱਥਰ ਵੱਲ ਟਿਕਟਿਕੀ ਲਾ ਕੇ ਵੇਖਦਿਆਂ ਮੈਨੂੰ ਪੁੱਛਿਆ, 'ਬਾਈ! ਪੱਥਰ ਕਿੰਨਾ ਕੁ ਭਾਰਾ ਹੋਊ?' ਮੈਂ ਸ਼ੱਕੀ ਜਿਹੀ ਨਿਗ੍ਹਾ ਨਾਲ ਉਸ ਵੱਲ ਵੇਖਦਿਆਂ ਕਿਹਾ, 'ਹੋਣੈ ਕੋਈ ਤਿੰਨ ਚਾਰ ਕੁਇੰਟਲ।' ਭੁਪਿੰਦਰ ਨੇ ਫਿਰ ਪੁੱਛਿਆ, 'ਆਪਾਂ ਪੰਜ ਸੱਤ ਜਣੇ ਪੱਥਰ ਨੂੰ ਧੱਕਾ ਲਾ ਕੇ ਪਟੜੀ ਤੋਂ ਪਾਸੇ ਕਰਕੇ ਦੇਖੀਏ?' ਮੈਂ ਉਸ ਦੀ ਗੱਲ ਸੁਣੀ ਅਤੇ ਹੱਸਦਿਆਂ ਕਿਹਾ, 'ਇਹ ਪੱਥਰ ਐ ਵੀਰੇ, ਤੂੜੀ ਦੀ ਪੰਡ ਨਹੀਂ।' ਉਸ ਨੇ ਫਿਰ ਕਿਹਾ, 'ਇਕ ਵਾਰ ਕੋਸ਼ਿਸ਼ ਕਰਨ ਵਿੱਚ ਹਰਜ ਵੀ ਕੀ ਐ?'

ਅਣਮੰਨੇ ਜਿਹੇ ਮਨ ਨਾਲ ਉਸ ਦੀ ਗੱਲ ਨਾਲ ਸਹਿਮਤ ਹੁੰਦਿਆਂ ਮੈਂ ਆਪਣਾ ਸਿਰ 'ਹਾਂ' ਵਿੱਚ ਹਿਲਾਇਆ। ਕੋਲ ਖੜੇ ਯਾਤਰੀਆਂ ਵਿੱਚੋਂ ਬਹੁਤੇ ਸਾਡੀਆਂ ਗੱਲਾਂ ਸੁਣ-ਸੁਣ ਮੁਸਕਰਾ ਰਹੇ ਸਨ ਅਤੇ ਕੁਝ ਹੈਰਾਨ ਵੀ ਹੋ ਰਹੇ ਸਨ। ਭੁਪਿੰਦਰ ਨੇ ਮੁੰਡਿਆਂ ਨੂੰ ਆਵਾਜ਼ ਮਾਰੀ, 'ਆ ਜੋ ਮੁੰਡਿਓ! ਰਾਜ ਪੁਰਸਕਾਰ ਲਈ ਤੁਹਾਡੀ ਟੈਸਟਿੰਗ ਕਰੀਏ।' ਸਾਰੇ ਸਕਾਊਟ ਵਿਦਿਆਰਥੀ ਆਪਣੇ ਅਧਿਆਪਕ ਦੀ ਆਗਿਆ ਲੈ ਕੇ ਝੱਟ ਪੱਥਰ ਕੋਲ ਆ ਗਏ। ਭੁਪਿੰਦਰ ਨੇ ਸਕਾਊਟਾਂ ਨੂੰ ਪੁੱਛਿਆ, 'ਦੱਸੋ ਮੁੰਡਿਓ! ਆਹ ਪੱਥਰ ਨੂੰ ਧੱਕਾ ਲਾ ਕੇ ਪਟੜੀ ਤੋਂ ਪਾਸੇ ਕਰ ਦਿਓਗੇ?'

ਸਕਾਊਟਾਂ ਨੇ ਬੜੇ ਹੌਸਲੇ ਤੇ ਦਲੇਰੀ ਨਾਲ ਇਕੱਠਿਆਂ ਜੁਆਬ ਦਿੱਤਾ, 'ਕਰ ਦਿਆਂਗੇ ਜੀ।' ਸਕਾਊਟਾਂ ਨਾਲ ਅਸੀਂ ਦੋਵਾਂ ਨੇ ਵੀ ਜੈਕਾਰਾ ਲਾ ਕੇ ਪੱਥਰ ਨੂੰ ਹੱਥ ਪਾ ਲਏ। ਪੰਜ ਸੱਤ ਧੱਕਿਆਂ ਵਿੱਚ ਪੱਥਰ ਪਟੜੀ ਤੋਂ ਪਾਰ ਸੀ। ਯਾਤਰੀ ਅਤੇ ਰੇਲਵੇ ਮੁਲਾਜ਼ਮ ਸਕਾਊਟਾਂ ਦੁਆਰਾ ਹੌਸਲੇ ਅਤੇ ਹਿੰਮਤ ਨਾਲ ਕੀਤੇ ਦਲੇਰਾਨਾ ਕੰਮ ਤੋਂ ਹੈਰਾਨ ਹੋਏ ਵਾਹ-ਵਾਹ ਕਰਨ ਲੱਗੇ। ਸਕਾਊਟਾਂ ਨੇ ਇਸ ਗੱਲ ਦਾ ਪੁਖਤਾ ਸਬੂਤ ਦੇ ਦਿੱਤਾ ਸੀ ਕਿ ਸਕਾਊਟ ਸੱਚਮੁੱਚ ਬਹਾਦਰ, ਸਾਹਸੀ ਅਤੇ ਹੌਸਲੇ ਵਾਲਾ ਹੁੰਦਾ ਹੈ। ਕਿਸੇ ਸ਼ਾਇਰ ਨੇ ਸੱਚ ਹੀ ਕਿਹਾ ਹੈ:

ਔਖੀ ਗੱਲ ਨਾ ਕੋਈ ਜਹਾਨ ਉਤੇ,
ਪਰ ਕਰਨਾ ਸਦਾ ਆਰੰਭ ਔਖਾ।
ਹੋਏ ਹੌਸਲਾ ਤਾਂ ਸਰ ਪਹਾੜ ਹੋਵਣ,
ਬਿਨਾਂ ਹੌਸਲੇ ਚੱਕਣਾ ਖੰਭ ਔਖਾ।

ਪੱਥਰ ਹਟਾਉਣ ਤੋਂ ਬਾਅਦ ਕੁਝ ਪਲਾਂ ਵਿੱਚ ਗੱਡੀ ਆਪਣੀ ਰਉਂ ਵਿੱਚ ਕੂਕਾਂ ਮਾਰਦੀ ਪਟੜੀ 'ਤੇ ਦੌੜਨ ਲੱਗੀ। ਸਕਾਊਟਾਂ ਦੇ ਹੌਸਲੇ ਬਾਰੇ ਸੋਚਦਿਆਂ ਮੇਰੇ ਮਨ ਵਿੱਚ ਵਿਚਾਰ ਦੌੜਨ ਲੱਗਾ ਕਿ ਕਾਸ਼! ਇਹ ਹੌਸਲਾ ਜੇ ਸਾਡੀ ਪੰਜਾਬੀ ਨਸ਼ਿਆਂ, ਪਾਣੀ ਤੇ ਹਵਾ ਪ੍ਰਦੂਸ਼ਣ ਖਿਲਾਫ ਕਰ ਲੈਣ ਤਾਂ ਉਹ ਦਿਨ ਦੂਰ ਨਹੀਂ, ਜਦੋਂ ਸਾਡਾ ਪੰਜਾਬ ਦੁਬਾਰਾ ਦੁਨੀਆ ਦੇ ਨਕਸ਼ੇ 'ਤੇ ਧਰੂ ਤਾਰੇ ਵਾਂਗ ਚਮਕੇਗਾ।




GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648



# ਲਿੰਡਾ ਜਾਫਰੀ ਲਈ ਬਰੈਂਪਟਨ ਹੋਇਆ ਇਕਜੁਟ



ਫੋਟੋ: ਕੰਵਲਜੀਤ ਕੰਵਲ




ਫੋਟੋ: ਕੰਵਲਜੀਤ ਕੰਵਲ




ਫੋਟੋ: ਕੰਵਲਜੀਤ ਕੰਵਲ




ਫੋਟੋ: ਕੰਵਲਜੀਤ ਕੰਵਲ




ਫੋਟੋ: ਕੰਵਲਜੀਤ ਕੰਵਲ




ਫੋਟੋ: ਕੰਵਲਜੀਤ ਕੰਵਲ




ਫੋਟੋ: ਕੰਵਲਜੀਤ ਕੰਵਲ

...ਪੰਨਾ 1 ਦਾ ਬਾਕੀ

ਇਸ ਤਰ੍ਹਾਂ ਬਰੈਂਪਟਨ ਦੇ ਪੰਜੇ ਹੀ ਮੈਂਬਰ ਪਾਰਲੀਮੈਂਟ ਲਿੰਡਾ ਦੇ ਹੱਕ ਵਿਚ ਹੋ ਤੁਰੇ ਹਨ। ਜੇਕਰ ਸੂਬਾਈ ਪੱਧਰ ਵੱਲ ਨਜ਼ਰ ਮਾਰੀ ਜਾਵੇ ਤਾਂ ਪੀਸੀ ਪਾਰਟੀ ਵਲੋਂ ਪ੍ਰਭਮੀਤ ਸਰਕਾਰੀਆ ਦਾ ਪਹੁੰਚਣਾ ਅਤੇ ਸਾਡੇ ਨਾਲ ਗੱਲਬਾਤ ਕਰਦਿਆਂ ਲਿੰਡਾ ਜਾਫਰੀ ਨੂੰ ਇੰਡੋਰਸ ਕਰਨਾ ਇਕ ਖਾਸ ਅਹਿਮੀਅਤ ਰੱਖਦਾ ਹੈ। ਇਸੇ ਤਰ੍ਹਾ ਹੀ ਐਨਡੀਪੀ ਤੋਂ ਐਮਪੀਪੀ ਗੁਰਰਤਨ ਸਿੰਘ, ਕੈਬਿਨ ਯਾਰਡ ਤੇ ਐਨਡੀਪੀ ਦੀ ਡਿਪਟੀ ਲੀਡਰ ਸਾਰਾ ਸਿੰਘ ਵਲੋਂ ਸ਼ਿਰਕਤ ਕਰਕੇ ਆਪਣੀ ਇੰਡੋਰਸਮੈਂਟ ਦੇਣੀ ਖਾਸ ਅਹਿਮੀਅਤ ਰੱਖਦੀ ਹੈ। ਬਰੈਂਪਟਨ ਦੇ ਕੁੱਲ 10 ਵਾਰਡ ਹਨ। ਹਰ ਵਾਰਡ ਵਿਚੋ ਹਰ ਪੱਧਰ ਦਾ ਉਮੀਦਵਾਰ ਲਿੰਡਾ ਜਾਫਰੀ ਦੀ ਹਿਮਾਇਤ ਲਈ ਪਹੁੰਚਿਆ ਹੋਇਆ ਸੀ।

ਵਾਰਡ 1 ਤੇ 5 ਤੋ ਪਾਲ ਬਸੈਟੀ ਰੀਜਨਲ ਕੌਂਸਲਰ, ਰਵੀਨਾ ਸੰਤੋਸ਼ ਸਿਟੀ ਕੌਂਸਲਰ, ਵਾਰਡ 7 ਤੇ 8 ਤੋ ਮਾਰਟਨ ਸਿੰਘ ਤੇ ਪੈਟ ਫਰਟੀਨੀ, ਵਾਰਡ 9 ਤੇ 10 ਤੋਂ ਰੀਜਨਲ ਕੌਂਸਲਰ ਲਈ ਗੁਰਪ੍ਰੀਤ ਢਿੱਲੋਂ ਸਿਟੀ ਕੌਂਸਲਰ ਹਰਕੀਰਤ ਸਿੰਘ, ਸਕੂਲ ਟਰੱਸਟੀ ਬਲਬੀਰ ਸੋਹੀ, ਵਾਰਡ 2 ਤੇ 6 ਤੋ ਟਰੱਸਟੀ ਹਰਜੋਤ ਗਿੱਲ, ਸਿਟੀ ਕੌਂਸਲਰ ਜਿਮ ਮੈਕਡਾਵਲ ਤੇ ਗੁਰਪ੍ਰੀਤ ਕੌਰ ਬੈਸ ਰੀਜਨਲ ਕੌਂਸਲਰ ਲਈ ਤੇ ਇਸੇ ਤਰ੍ਹਾਂ ਹੀ ਰੀਜਨਲ ਕੌਂਸਲਰ ਲਈ ਉਮੀਦਵਾਰ ਜੋ ਸਿੱਧੂ ਵੀ ਪਹੁੰਚੇ ਹੋਏ ਸਨ। ਵਾਰਡ 3 ਤੇ 4 ਤੋ ਰੀਜਨਲ ਕੌਂਸਲਰ ਲਈ ਮਾਰਟਿਨ ਮੈਡੋਰਿਸ, ਸਿਟੀ ਕੌਂਸਲਰ ਲਈ ਹਰਪ੍ਰੀਤ ਹੰਸਰਾ ਤੇ ਸਕੂਲ ਟਰੱਸਟੀ ਲਈ ਪ੍ਰਭਜੋਤ ਕੈਥ ਮੌਜੂਦ ਸਨ। ਸਾਰਿਆਂ ਨੇ ਹੀ ਜਿਥੇ ਖੁਦ ਨੂੰ ਵੋਟ ਪਾਉਣ ਲਈ ਅਪੀਲ ਕੀਤੀ, ਉਸ ਦੇ ਨਾਲ ਹੀ ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਲਿੰਡਾ ਜਾਫਰੀ ਇਕ ਵਧੀਆ ਮੇਅਰ ਰਹੇਗੀ ਤੇ ਅਸੀ ਸਾਰੇ ਇਕਜੁਟ ਹੋ ਕੇ ਲਿੰਡਾ ਜਾਫਰੀ ਦੀ ਹਿਮਾਇਤ ਉਤੇ ਹਾਂ। ਪ੍ਰੋਗਰਾਮ ਦੇ ਆਰਗੇਨਾਈਜ਼ਰਾਂ ਵਿਚੋਂ ਅਮਰਜੀਤ ਰਾਏ ਨੇ ਜਿਥੇ ਸਾਰੇ ਪ੍ਰਬੰਧਕਾਂ ਦਾ ਧੰਨਵਾਦ ਕੀਤਾ, ਉਥੇ ਹੀ ਸਾਰੇ ਆਏ ਸਿਆਸੀ ਆਗੂਆਂ ਨੂੰ ਵੀ ਜੀ ਆਇਆਂ ਆਖਿਆ। ਇਸ ਰੈਲੀ ਦੀ ਸਟੇਜ ਦੀ ਜ਼ਿੰਮੇਵਾਰੀ ਹਰਦੀਪ ਗਰੇਵਾਲ ਤੇ ਫਲੀਜ਼ ਓਜ਼ਮੀਸਰ ਨੇ ਨਿਭਾਈ। ਲਿੰਡਾ ਜਾਫਰੀ ਨੇ ਆਪਣੀ ਤਕਰੀਰ ਵਿਚ ਕਿਹਾ ਕਿ ਅਸੀ ਪਿਛਲੀ ਟਰਮ ਦੌਰਾਨ ਕੁੱਝ ਗੈਰ ਜ਼ਿੰਮੇਵਾਰਾਨਾਂ ਚੁਣੇ ਗਏ ਨੁਮਾਇੰਦਿਆਂ ਸਦਕਾ ਵੱਡਾ ਨੁਕਸਾਨ ਝੱਲਿਆ ਹੈ। ਉਨ੍ਹਾਂ ਕਿਹਾ ਕਿ ਭਾਵੇ ਐਲਆਰਟੀ ਦਾ ਮੁੱਦਾ ਸੀ ਜਾਂ ਫੇਰ ਗੋਲਫ਼ ਕੋਰਸ ਨੂੰ ਖਰੀਦਣ ਦੀ ਗੱਲ ਸੀ ਤਾਂ ਬਰੈਪਟਨ ਸ਼ਹਿਰ ਨੇ ਇਕ-ਇਕ ਵੋਟ ਉਤੇ ਮਲਟੀਮਿਲੀਅਨ ਡਾਲਰ ਦਾ ਘਾਟਾ ਖਾਧਾ ਹੈ।

ਉਨ੍ਹਾਂ ਕਿਹਾ ਬਰੈਂਪਟਨ ਨੂੰ ਪਿੱਛੇ ਵੱਲ ਖਿੱਚਣ ਵਾਲੇ ਕੌਂਸਲਰ ਤੇ ਰੀਜਨਲ ਕੌਂਸਲਰ ਤਿੰਨ ਰਿਟਾਇਰ ਹੋ ਰਹੇ ਹਨ ਤੇ ਚੌਥਾ ਜੋ ਮੇਰੇ ਮੁਕਾਬਲੇ ਵਿਚ ਖੜ੍ਹਾ ਹੈ, ਉਸ ਨੂੰ ਮੈ ਰਿਟਾਇਰ ਕਰਨ ਜਾ ਰਹੀ ਹਾਂ। ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਦੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਮੈਂ ਬਰੈਂਪਟਨ ਵਿਚ ਮੂਵ ਹੋ ਗਈ ਸੀ ਤੇ ਉਦੋ ਤੋਂ ਬਰੈਪਟਨ ਵਿਚ ਰਹਿ ਰਹੀ ਹਾਂ ਤੇ ਬਰੈਂਪਟਨ ਨੂੰ ਇਕ ਵਧੀਆ ਸ਼ਹਿਰ ਬਣਾਉਣ ਲਈ ਯਤਨਸ਼ੀਲ ਹਾਂ। ਉਨ੍ਹਾਂ ਕਿਹਾ ਸਾਡੇ ਇਸ ਸ਼ਹਿਰ ਵਿਚ ਕੁੱਝ ਬਾਹਰੋਂ ਆਏ ਲੋਕ ਇਹ ਆਖਦੇ ਹਨ ਕਿ ਅਸੀਂ ਬਰੈਂਪਟਨ ਲਈ ਆਹ ਕੁੱਝ ਕਰਨਾ ਹੈ, ਪਰ ਨਾ ਤਾਂ ਉਨ੍ਹਾਂ ਨੇ ਬਰੈਂਪਟਨ ਨੂੰ ਜਾਣਿਆ ਹੈ ਤੇ ਨਾ ਹੀ ਬਰੈਂਪਟਨ ਨੂੰ ਸਮਝਿਆ ਹੈ। ਉਨ੍ਹਾਂ ਦਾ ਸਿੱਧਾ ਇਸ਼ਾਰਾ ਪੈਟ੍ਰਿਕ ਬ੍ਰਾਊਨ ਵੱਲ ਸੀ। ਜਿਨ੍ਹਾਂ ਨੇ ਮੇਅਰ ਲਈ ਚੋਣ ਲੜਨ ਤੋਂ ਇਕ ਦਿਨ ਪਹਿਲਾਂ ਹੀ ਬਰੈਂਪਟਨ ਵਿਚ ਘਰ ਰੈਂਟ ਉਤੇ ਲਿਆ ਸੀ। ਇਸ ਪ੍ਰਭਾਵਸ਼ਾਲੀ ਰੈਲੀ ਤੋਂ ਪ੍ਰਭਾਵਿਤ ਹੋ ਕੇ ਭਾਈਚਾਰੇ ਦੀ ਜਾਣੀ ਪਹਿਚਾਣੀ ਸ਼ਖਸੀਅਤ ਇੰਦਰਜੀਤ ਸਿੰਘ ਬੱਲ ਨੇ ਕਿਹਾ ਕਿ ਬਰੈਂਪਟਨ ਦੇ ਲੋਕ ਜਾਗਰੂਕ ਹਨ ਤੇ ਉਹ ਇਕ ਮੌਕਾ ਪ੍ਰਸਤ ਤੇ ਸੂਝਵਾਨ ਸਿਆਸੀ ਆਗੂ ਦੀ ਪਹਿਚਾਣ ਕਰ ਸਕਦੇ ਹਨ। ਉਨ੍ਹਾਂ ਲਿੰਡਾ ਜਾਫਰੀ ਨੂੰ ਮੁੜ ਮੇਅਰ ਵੇਖਣ ਲਈ ਸ਼ੁਭ ਇੱਛਾਵਾਂ ਦਿੱਤੀਆਂ। ਇਹ ਪ੍ਰੋਗਰਾਮ ਮੁੱਖ ਤੌਰ ਉਤੇ ਏਸ਼ੀਅਨ ਫੂਡ ਸੈਂਟਰ ਤੋਂ ਮੇਜਰ ਨੱਤ, ਕੈਨੇਡੀਅਨ ਪੰਜਾਬੀ ਪੋਸਟ ਤੋਂ ਜਗਦੀਸ਼ ਗਰੇਵਾਲ, ਪੰਜ ਆਬ ਟੀਵੀ ਤੋਂ ਜੱਸੀ ਸਰਾਏ, ਸਰਦਾਰੀ ਟੀਵੀ ਤੋਂ ਰਾਣਾ ਸਿੱਧੂ ਤੇ ਏਕਮ ਮੀਡੀਆ ਤੋਂ ਅਮਰਜੀਤ ਰਾਏ ਵਲੋਂ ਆਯੋਜਿਤ ਕੀਤਾ ਗਿਆ ਸੀ, ਪਰ ਇਸ ਨੂੰ ਕਾਮਯਾਬ ਕਰਨ ਲਈ ਭਾਈਚਾਰੇ ਦੇ ਪੰਜਾਹ ਦੇ ਕਰੀਬ ਸਿਰਕੱਢ ਲੋਕਾਂ ਨੇ ਯੋਗਦਾਨ ਪਾਇਆ।

jobs! jobs! jobs! jobs! jobs!

DUNDAS · JAFINE

HELP WANTED

ਕਾਮਿਆਂ ਦੀ ਲੋੜ

ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ। ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:

110 Glidden Rd., Brampton 905-458-4733 (see Kamal)

SimConnect FREIGHT MANAGEMENT

HIRING OWNER OPERATORS FOR LAREDO TX & MIDWEST LANES

ਡਰਾਈਵਰਾਂ ਤੇ ਓਨਰ ਅਪਰੇਟਰਾਂ ਦੀ ਲੋੜ

Owner Operator up to 1.65 Per miles

Company Drivers :
Solo/Team : upto .65 Cents Per Mile



Sim Connect Freight Management

24 Hrs Dispatch

Ph: (905)915-1805/(905)799-8822

3380 Airway Dr Mississauga Ontario L4T1V3

# ਏਨਾ ਬੇਵੱਸ ਕਿਉਂ ਹੋ ਗਿਆ ਹੈ ਸਾਰੀ ਉਮਰ ਵਿਰੋਧ ਦਾ ਸਾਹਮਣਾ ਕਰ ਚੁੱਕਾ ਬਾਦਲ



ਜਤਿੰਦਰ ਪੰਨੂ

ਸਿਹਤ ਕੁਝ ਜ਼ਿਆਦਾ ਵਿਗੜ ਜਾਣ ਕਾਰਨ ਪਿਛਲੇ ਦੋ ਦਿਨ ਜਦੋਂ ਹਸਪਤਾਲ ਵਿੱਚ ਰਹਿਣਾ ਪਿਆ ਤਾਂ ਹਰ ਤਰ੍ਹਾਂ ਦੀ ਸਿਆਸੀ ਅਤੇ ਪੱਤਰਕਾਰੀ ਸਰਗਰਮੀ ਨਾਲੋਂ ਸੰਪਰਕ ਬੰਦ ਕਰਨਾ ਪਿਆ ਸੀ। ਇਸ ਹਾਲਤ ਵਿੱਚ ਹੋਰ ਕੁਝ ਨਹੀਂ ਸੀ ਕਰ ਸਕਦਾ, ਪਰ ਦਿਮਾਗ ਵਿਹਲਾ ਨਹੀਂ ਸੀ ਰਹਿਣ ਵਾਲਾ, ਇਸ ਲਈ ਬੀਤੇ ਦਿਨਾਂ ਦੀਆਂ ਘਟਨਾਵਾਂ ਨੂੰ ਇੱਕ ਜਾਂ ਦੂਸਰੇ ਪੱਖੋਂ ਵਿਚਾਰਨ ਤੇ ਉਨ੍ਹਾਂ ਦੇ ਕਾਰਨ ਸਮਝਣ ਦਾ ਯਤਨ ਆਪਣੇ ਆਪ ਇਸ ਸਿਰ ਵਿੱਚ ਹੁੰਦਾ ਰਿਹਾ। ਇਸ ਦੌਰਾਨ ਬਹੁਤਾ ਧਿਆਨ ਪਿਛਲੇ ਐਤਵਾਰ ਦੀਆਂ ਕਾਂਗਰਸ ਤੇ ਅਕਾਲੀ ਦਲ ਦੀਆਂ ਰੈਲੀਆਂ ਤੇ ਕੋਟਕਪੂਰਾ-ਬਰਗਾੜੀ ਮਾਰਚ ਵਾਲੇ ਮੁੱਦੇ ਵੱਲ ਲੱਗਾ ਰਿਹਾ। ਅੱਗੋਂ ਇਸ ਧਿਆਨ ਦਾ ਵੱਡਾ ਹਿੱਸਾ ਪ੍ਰਕਾਸ਼ ਸਿੰਘ ਬਾਦਲ ਨੇ ਮੱਲੀ ਰੱਖਿਆ। ਬਜ਼ੁਰਗ ਆਗੂ ਪ੍ਰਕਾਸ਼ ਸਿੰਘ ਬਾਦਲ ਦਾ ਹਮਾਇਤੀ ਮੈਂ ਕਦੇ ਵੀ ਨਹੀਂ ਰਿਹਾ, ਪਰ ਕੁਝ ਗੱਲਾਂ ਇਹੋ ਜਿਹੀਆਂ ਚੇਤੇ ਆਈਆਂ, ਜਿਨ੍ਹਾਂ ਕਾਰਨ ਮਨ ਵਿੱਚ ਇਹ ਖਿਆਲ ਆਉਣ ਲੱਗਾ ਕਿ ਇਹ ਬੰਦਾ ਬੇਵੱਸ ਨਾ ਹੋ ਚੁੱਕਾ ਹੁੰਦਾ ਤਾਂ ਆਹ ਹਾਲਾਤ ਨਹੀਂ ਸੀ ਹੋਣੇ।

ਪਿਛਲੇ ਐਤਵਾਰ ਜਦੋਂ ਪਟਿਆਲੇ ਦੀ ਰੈਲੀ ਵਿੱਚ ਸਿਕੰਦਰ ਸਿੰਘ ਮਲੂਕਾ ਅਤੇ ਬੀਬੀ ਜਗੀਰ ਕੌਰ ਨੇ ਦੋ ਚੈਨਲਾਂ ਅਤੇ ਇੱਕ ਅਖਬਾਰ ਦਾ ਨਾਂਅ ਲੈ ਕੇ ਉਨ੍ਹਾਂ ਦੇ ਬਾਈਕਾਟ ਦਾ ਅਣਕਿਆਸਿਆ ਸੱਦਾ ਦੇ ਦਿੱਤਾ ਤਾਂ ਮੈਂ ਆਪਣੇ ਨਾਲ ਬੈਠੇ ਹੋਏ ਇੱਕ ਸੱਜਣ ਨੂੰ ਕਿਹਾ ਸੀ, ਇਹ ਨਹੀਂ ਬੋਲ ਰਹੇ, ਸੁਖਬੀਰ ਦੀ ਚਾਲ ਬੋਲਦੀ ਪਈ ਹੈ। ਉਨ੍ਹਾਂ ਨੇ ਕਾਰਨ ਪੁੱਛਿਆ ਤਾਂ ਮੈਂ ਕਿਹਾ ਸੀ ਕਿ ਸੁਖਬੀਰ ਨੇ ਇਨ੍ਹਾਂ ਦੋਵਾਂ ਤੋਂ ਇਹ ਗੱਲ ਕਹਾਈ ਹੈ ਕਿ ਜੇ ਸਟੇਜ ਉੱਤੇ ਬੈਠੇ ਬਜ਼ੁਰਗਾਂ ਵਿੱਚੋਂ ਕਿਸੇ ਨੇ ਬੁਰਾ ਮਨਾਇਆ ਤਾਂ ਮੈਂ ਜਾ ਕੇ ਸੋਧ ਲਵਾਂਗਾ, ਨਹੀਂ ਤਾਂ ਅਗਲਾ ਗੇਅਰ ਲਾ ਦੇਵਾਂਗਾ। ਹੋਇਆ ਵੀ ਇਹੋ ਹੀ। ਵੱਡੇ ਬਾਦਲ ਦੇ ਭਾਸ਼ਣ ਵਿੱਚ ਏਦਾਂ ਦੀ ਗੱਲ ਨਹੀਂ ਸੀ। ਸਾਫ ਹੈ ਕਿ ਉਹ ਸਹਿਮਤ ਨਹੀਂ, ਪਰ ਵਿਰੋਧ ਨਹੀਂ ਕਰ ਸਕਿਆ। ਇਹ ਗੱਲ ਇਸ ਲਈ ਹੈ ਕਿ ਉਹ ਪਹਿਲਾਂ ਵਾਲਾ ਬਾਦਲ ਨਹੀਂ ਰਿਹਾ, ਅੱਜ ਵਾਲੇ ਪ੍ਰਕਾਸ਼ ਸਿੰਘ ਬਾਦਲ ਦਾ ਨਿਤਾਣਾਪਣ ਏਨਾ ਹੈ ਕਿ ਉਹ ਅੱਖਾਂ ਸਾਹਮਣੇ ਸਭ ਕੁਝ ਹੁੰਦਾ ਵੇਖ ਅਤੇ ਸੁਣ ਸਕਦਾ ਹੈ, ਦਖਲ ਦੇਣ ਦੀ ਸਥਿਤੀ ਵਿੱਚ ਨਹੀਂ। ਜਦੋਂ ਉਸ ਕੋਲ ਸਾਰੇ ਕੁਝ ਦੀ ਕਮਾਨ ਹੁੰਦੀ ਸੀ, ਉਹ ਵਿਰੋਧੀ ਵਿਚਾਰਾਂ ਦਾ ਸਾਹਮਣਾ ਕਰਨਾ ਜਾਣਦਾ ਸੀ ਅਤੇ ਆਪਣੇ ਢੰਗ ਨਾਲ ਕਰਦਾ ਵੀ ਹੁੰਦਾ ਸੀ, ਕਦੀ ਕਿਸੇ ਦਾ ਬਾਈਕਾਟ ਕਰਨ ਜਾਂ ਮੈਦਾਨ ਖਾਲੀ ਛੱਡਣ ਦਾ ਰਾਹ ਨਹੀਂ ਸੀ ਫੜਿਆ।

ਬਹੁਤੇ ਲੋਕਾਂ ਨੂੰ ਇਹ ਚੇਤੇ ਨਹੀਂ ਹੋਣਾ ਕਿ ਜਿਹੜੇ ਤੇਜਾ ਸਿੰਘ ਬਾਦਲ ਨੇ ਪ੍ਰਕਾਸ਼ ਸਿੰਘ ਬਾਦਲ ਨੂੰ ਰਾਜਨੀਤੀ ਦੇ ਮੈਦਾਨ ਵਿੱਚ ਲਿਆਂਦਾ ਸੀ, ਪ੍ਰਕਾਸ਼ ਸਿੰਘ ਬਾਦਲ ਦੀ ਚੜ੍ਹਤ ਦੇ ਦੌਰ ਵਿੱਚ ਉਹ ਬੁਰੇ ਹਾਲਾਤ ਵਿੱਚ ਰਿਹਾ ਸੀ। ਜਦੋਂ ਉਸ ਦਾ ਦੇਹਾਂਤ ਹੋਇਆ, ਓਦੋਂ ਪੰਜਾਬ ਵਿੱਚ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਸੀ ਤੇ ਟੌਹੜਾ ਧੜਾ ਅਕਾਲੀ ਦਲ ਨਾਲੋਂ ਵੱਖਰਾ ਸੀ। ਭੋਗ ਪੈਣ ਦੇ ਵਕਤ ਪ੍ਰਕਾਸ਼ ਸਿੰਘ ਬਾਦਲ ਤੇ ਉਸ ਦੀ ਪਤਨੀ ਵੀ ਆਏ ਤੇ ਮੱਥਾ ਟੇਕ ਕੇ ਬੈਠ ਗਏ। ਜਿਹੜਾ ਵੀ ਬੁਲਾਰਾ ਬੋਲਿਆ, ਉਹ ਟੌਹੜਾ ਧੜੇ ਦਾ ਹੋਵੇ, ਦਿੱਲੀ ਦੇ ਸਰਨਿਆਂ ਵਾਲੇ ਅਕਾਲੀ ਦਲ ਦਾ ਜਾਂ ਪੰਜਾਬ ਕਾਂਗਰਸ ਦਾ ਕੋਈ ਆਗੂ, ਹਰ ਕਿਸੇ ਨੇ ਪ੍ਰਕਾਸ਼ ਸਿੰਘ ਬਾਦਲ ਨੂੰ ਰੱਜ ਕੇ ਭੰਡਣ ਉੱਤੇ ਜ਼ੋਰ ਲਾਇਆ। ਬੜੇ ਲੋਕ ਇਹ ਸੋਚ ਰਹੇ ਸਨ ਕਿ ਇਹ ਮੀਆਂ-ਬੀਵੀ ਕਿਸੇ ਵੇਲੇ ਵੀ ਉੱਠ ਕੇ ਤੁਰ ਪੈਣਗੇ। ਉਹ ਨਹੀਂ ਸੀ ਗਏ। ਕੁਝ ਲੋਕ ਇਸ ਝਾਕ ਵਿੱਚ ਬੈਠੇ ਸਨ ਕਿ ਜਦੋਂ ਇਹ ਜਾਣ ਲੱਗੇ ਤਾਂ ਅਸੀਂ ਹੂਟਿੰਗ ਕਰਾਂਗੇ, ਉਹ ਵੀ ਨਿਰਾਸ਼ ਹੋ ਗਏ। ਪ੍ਰਸ਼ਾਦ ਵਰਤਣ ਪਿੱਛੋਂ ਬਾਹਰ ਨਿਕਲਦੇ ਪ੍ਰਕਾਸ਼ ਸਿੰਘ ਬਾਦਲ ਨੂੰ ਇੱਕ ਪੱਤਰਕਾਰ ਨੇ ਛੇੜਨ ਦੀ ਭਾਸ਼ਾ ਵਿੱਚ ਪੁੱਛ ਲਿਆ: ਬਾਦਲ ਸਾਹਿਬ ਏਦਾਂ ਦੇ ਮੌਕੇ ਤੁਹਾਡੇ ਨਾਲ ਆਹ ਜੋ ਕੁਝ ਇਨ੍ਹਾਂ ਨੇ ਕੀਤਾ ਹੈ, ਇਹ ਕਰਨਾ ਨਹੀਂ ਸੀ ਚਾਹੀਦਾ! ਬਾਦਲ ਨੇ ਹੌਲੀ ਜਿਹਾ ਸਿਰਫ ਏਨਾ ਕਿਹਾ ਸੀ, 'ਉਨ੍ਹਾਂ ਦੇ ਮਨ ਵਿੱਚ ਜਿੰਨਾ ਰੋਸ ਸੀ, ਉਨ੍ਹਾਂ ਨੇ ਕੱਢ ਲਿਆ, ਮੈਨੂੰ ਕੋਈ ਗਿਲ੍ਹਾ ਨਹੀਂ।' ਏਨੇ ਸ਼ਬਦਾਂ ਨਾਲ ਉਹ ਓਥੇ ਖੜੇ ਸਾਰੇ ਪੱਤਰਕਾਰਾਂ ਨੂੰ ਇਸ ਖਬਰ ਦਾ ਮਸਾਲਾ ਦੇ ਗਿਆ: 'ਏਨੀ ਹਲੀਮੀ ਵਾਲਾ ਹੈ ਵੱਡਾ ਬਾਦਲ'।

ਸਾਨੂੰ ਕੈਪਟਨ ਅਮਰਿੰਦਰ ਸਿੰਘ ਦੀ ਪਿਛਲੀ ਸਰਕਾਰ ਦਾ ਉਹ ਵਕਤ ਵੀ ਯਾਦ ਹੈ, ਜਦੋਂ ਬਾਦਲ ਬਾਪ-ਬੇਟੇ ਦਾ ਵਾਰੰਟ ਬਣਦਾ ਪਿਆ ਸੀ ਤੇ ਕਿਸੇ ਵਕਤ ਵੀ ਗ੍ਰਿਫਤਾਰੀ ਹੋਣ ਦਾ ਡਰ ਸੀ। ਓਦੋਂ ਅਕਾਲੀ ਦਲ ਨੇ ਇੱਕ ਰੈਲੀ ਲੁਧਿਆਣੇ ਦੇ ਨੇੜੇ ਕਿਸੇ ਥਾਂ ਕੀਤੀ ਸੀ। ਆਪਣੇ ਭਾਸ਼ਣਾਂ ਵਿੱਚ ਟੋਟਕੇ ਸੁਣਾਉਣ ਦਾ ਮਾਹਰ ਬਾਦਲ ਤੋਂ ਵੱਡਾ ਨਹੀਂ ਲੱਭਦਾ। ਉਸ ਨੇ ਕਿਹਾ: 'ਮੈਨੂੰ ਇਸ ਰੈਲੀ ਵਿੱਚ ਆਉਣ ਲੱਗੇ ਨੂੰ ਪੱਤਰਕਾਰਾਂ ਨੇ ਦੱਸਿਆ ਕਿ ਸਰਕਾਰ ਤੁਹਾਡੇ ਵਾਰੰਟ ਬਣਾਈ ਜਾਂਦੀ ਹੈ।' ਉਹ ਮੇਰਾ ਪ੍ਰਤੀਕਰਮ ਪੁੱਛਦੇ ਸਨ, 'ਮੈਂ ਕਿਹਾ ਸੀ ਕਿ ਫੌਜ ਦੀ ਭਾਰਤੀ ਵਿੱਚ ਵੱਡੇ ਅਫਸਰਾਂ ਨੇ ਇੰਟਰਵਿਊ ਦੇਣ ਆਏ ਇੱਕ ਮੁੰਡੇ ਨੂੰ ਪੁੱਛਿਆ ਸੀ: 'ਤੂੰ ਜੰਗਲ ਵਿੱਚ ਜਾ ਰਿਹਾ ਹੋਵੇਂ ਤੇ ਅੱਗੋਂ ਸ਼ੇਰ ਆ ਜਾਵੇ, ਤੂੰ ਫਿਰ ਕੀ ਕਰੇਂਗਾ। ਉਸ ਮੁੰਡੇ ਨੇ ਕਿਹਾ ਸੀ: ਮੈਂ ਕੀ ਕਰਨਾ ਹੈ, ਜੋ ਕੁਝ ਕਰਨਾ ਹੋਇਆ, ਸ਼ੇਰ ਨੇ ਆਪੇ ਹੀ ਕਰ ਲੈਣਾ ਹੈ।' ਮੈਂ ਵੀ ਪੱਤਰਕਾਰਾਂ ਨੂੰ ਕਹਿ ਦਿੱਤਾ ਕਿ ਐਸ ਵੇਲੇ ਅਮਰਿੰਦਰ ਸਿੰਘ ਉਸ ਸ਼ੇਰ ਵਾਲੀ ਸਥਿਤੀ ਵਿੱਚ ਹੈ, ਉਸ ਨੇ ਜੋ ਵੀ ਕਰਨਾ ਹੋਵੇਗਾ, ਅਸੀਂ ਉਸ ਨੂੰ ਰੋਕ ਨਹੀਂ ਸਕਦੇ, ਜਦੋਂ ਲੋਕਾਂ ਵਿੱਚ ਜਾਣ ਦਾ ਮੌਕਾ ਲੱਗਾ, ਓਦੋਂ ਸਾਰਾ ਲੇਖਾ ਕਰ ਲਿਆ ਜਾਵੇਗਾ।' ਇੰਜ ਉਸ ਨੇ ਕੇਸ ਦੇ ਵਾਰੰਟਾਂ ਬਾਰੇ ਆਪਣੀ ਬੇਵੱਸੀ ਵੀ ਦੱਸ ਦਿੱਤੀ ਤੇ ਅੱਗੋਂ ਦਾ ਦਬਕਾ ਮਾਰ ਕੇ ਗੱਲ ਵੀ ਟਾਲ ਦਿੱਤੀ ਸੀ।

ਉਸ ਤੋਂ ਵੀ ਪਹਿਲਾਂ ਦਾ ਇੱਕ ਮੌਕਾ ਵਿਧਾਨ ਸਭਾ ਵਿੱਚ ਵੇਖਿਆ ਗਿਆ ਸੀ, ਜਦੋਂ ਕੈਪਟਨ ਅਮਰਿੰਦਰ ਸਿੰਘ ਨੇ ਪਹਿਲੀ ਵਾਰੀ ਪੰਜਾਬ ਦੀ ਕਮਾਨ ਸੰਭਾਲੀ ਸੀ। ਜਿਵੇਂ ਅਸੀਂ ਪਿਛਲੇ ਅਗਸਤ ਮਹੀਨੇ ਜਸਟਿਸ ਰਣਜੀਤ ਸਿੰਘ ਦੀ ਜਾਂਚ ਰਿਪੋਰਟ ਉੱਤੇ ਬਹਿਸ ਵੇਲੇ ਬਾਦਲ ਅਕਾਲੀ ਦਲ ਉੱਤੇ ਧੂੰਆਂਧਾਰ ਚਾਂਦਮਾਰੀ ਹੁੰਦੀ ਵੇਖੀ ਹੈ, ਕੈਪਟਨ ਅਮਰਿੰਦਰ ਸਿੰਘ ਦੀ ਪਹਿਲੀ ਸਰਕਾਰ ਦੇ ਪਹਿਲੇ ਵਿਧਾਨ ਸਭਾ ਅਜਲਾਸ ਵਿੱਚ ਵੀ ਏਦਾਂ ਹੀ ਹੋਈ ਸੀ। ਗਿਣ-ਗਿਣ ਕੇ ਨੁਕਸ ਕੱਢੇ ਗਏ ਤੇ ਸਾਰਾ ਦੋਸ਼ ਪਿਛਲੀ ਸਰਕਾਰ ਦੇ ਮੁਖੀ ਵਜੋਂ ਪ੍ਰਕਾਸ਼ ਸਿੰਘ ਬਾਦਲ ਉੱਤੇ ਲਾਇਆ ਗਿਆ। ਅਕਾਲੀ ਦਲ ਦੇ ਜਿੰਨੇ ਵੱਡੇ ਜਾਂ ਛੋਟੇ ਆਗੂ ਬਹਿਸ ਵਿੱਚ ਬੋਲੇ, ਬਹੁਤ ਕੌੜੀ ਭਾਸ਼ਾ ਵਰਤਦੇ ਰਹੇ ਤੇ ਹਰ ਕੋਈ ਹੈਰਾਨ ਸੀ ਕਿ ਵੱਡੇ ਬਾਦਲ ਦੇ ਬੋਲਣ ਲਈ ਅਕਾਲੀ ਦਲ ਨੇ ਸਮਾਂ ਹੀ ਨਹੀਂ ਬਚਣ ਦਿੱਤਾ। ਅਖੀਰ ਜਦੋਂ ਪ੍ਰਕਾਸ਼ ਸਿੰਘ ਬਾਦਲ ਨੇ ਬੋਲਣਾ ਸੀ, ਬੜੇ ਥੋੜ੍ਹੇ ਸਮੇਂ ਵਿੱਚ ਆਪਣੀ ਗੱਲ ਆਖ ਕੇ ਇਨ੍ਹਾਂ ਲਫਜ਼ਾਂ ਨਾਲ ਸਿਰੇ ਲਾ ਦਿੱਤੀ ਕਿ ਅਸੀਂ ਤਾਂ ਸਾਰਾ ਕੁਝ ਗਲਤ ਕੀਤਾ ਸੀ, ਸਾਡੀਆਂ ਗਲਤੀਆਂ ਤੋਂ ਤੁਸੀਂ ਹੀ ਸਿੱਖ ਲਵੋ, ਅੱਗੋਂ ਤੁਸੀਂ ਪੰਜਾਬ ਦਾ ਨੁਕਸਾਨ ਹੋਣ ਤੋਂ ਰੋਕ ਲਓ। ਨਾ ਕੋਈ ਸਫਾਈ ਦਿੱਤੀ ਤੇ ਨਾ ਕੋਈ ਗੁਨਾਹ ਮੰਨਿਆ, ਬਹੁਤ ਆਰਾਮ ਨਾਲ ਗੱਲ ਤਿਲਕਾ ਕੇ ਤੁਰ ਗਿਆ, ਪਰ ਉੱਠ ਕੇ ਬਾਹਰ ਨਹੀਂ ਸੀ ਗਿਆ। ਉਸ ਪਿੱਛੋਂ ਜਦੋਂ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਬਹਿਸ ਸਮੇਟਦਿਆਂ ਫਿਰ ਤਿੱਖੇ ਹਮਲੇ ਕੀਤੇ ਤਾਂ ਅਕਾਲੀ ਲੀਡਰ ਭੁੜਕਣ ਲੱਗੇ ਸਨ, ਪਰ ਵੱਡੇ ਬਾਦਲ ਨੇ ਇਹ ਕਹਿ ਕੇ ਰੋਕ ਦਿੱਤਾ ਸੀ, 'ਉਨ੍ਹਾਂ ਦਾ ਸਮਾਂ ਹੈ, ਮਨ ਦੀ ਗੱਲ ਕਹਿ ਲੈਣ ਦਿਓ।'

ਅੱਜ ਦਾ ਪ੍ਰਕਾਸ਼ ਸਿੰਘ ਬਾਦਲ ਜੇ ਪੁੱਤਰ ਤੇ ਉਸ ਦੇ ਜੋੜੀਦਾਰਾਂ ਅੱਗੇ ਬੇਵੱਸ ਨਾ ਹੋ ਜਾਂਦਾ ਤਾਂ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਪੇਸ਼ ਹੋਣ ਵਾਲੇ ਦਿਨ ਵਿਧਾਨ ਸਭਾ ਤੋਂ ਭੱਜਣ ਦਾ ਫੈਸਲਾ ਕਦੇ ਨਾ ਕਰਨ ਦੇਂਦਾ ਅਤੇ ਓਥੇ ਬੈਠ ਕੇ ਸਾਰਾ ਕੁਝ ਸੁਣਦਾ। ਅਸੀਂ ਪੰਜਾਬ ਵਿੱਚ ਸੁਣਿਆ ਸੀ ਕਿ ਬਾਪੂ ਨੂੰ ਬਰਾਤ ਦੇ ਨਾਲ ਸੰਦੂਕ ਵਿੱਚ ਲੁਕਾ ਕੇ ਲੈ ਗਏ ਸਨ, ਉਹ ਲੋਕ ਸਿਆਣੇ ਹੋਣਗੇ, ਬਾਪੂ ਬਾਦਲ ਦੀ ਅਗਲੀ ਪੀੜ੍ਹੀ ਉਨ੍ਹਾਂ ਬਰਾਤੀਆਂ ਜਿੰਨੀ ਸਿਆਣੀ ਵੀ ਨਹੀਂ।



ਤੇ ਆਖਰੀ ਗੱਲ ਇਹ ਕਿ ਕੈਪਟਨ ਅਮਰਿੰਦਰ ਸਿੰਘ ਦੀ ਪਿਛਲੀ ਸਰਕਾਰ ਦੇ ਵੇਲੇ ਹੀ ਵਿਧਾਨ ਸਭਾ ਵਿੱਚ ਇੱਕ ਹੋਰ ਘਟਨਾ ਵਾਪਰ ਗਈ ਸੀ। ਬਾਦਲ ਪਿਤਾ-ਪੁੱਤਰ ਉੱਤੇ ਕੇਸ ਦਰਜ ਹੋਣ ਪਿੱਛੋਂ ਹੋ ਰਹੀ ਬਹਿਸ ਵਿੱਚ ਇੱਕ ਮੌਕੇ ਵੱਡੇ ਬਾਦਲ ਨੇ ਇੱਕ ਗੱਲ ਦਾ ਜ਼ਿਕਰ ਕਰ ਕੇ ਸਭ ਨੂੰ ਹੈਰਾਨ ਕਰ ਦਿੱਤਾ ਸੀ। ਉਨ੍ਹਾਂ ਕਿਹਾ ਕਿ ਜਦੋਂ ਮੈਂ ਮੁੱਖ ਮੰਤਰੀ ਸਾਂ ਤਾਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਡਿੱਗ ਕੇ ਮੇਰਾ ਚੂਲਾ ਟੁੱਟ ਗਿਆ ਸੀ, ਪਰ ਮੇਰੇ ਸਕਿਓਰਟੀ ਦੇ ਮੁਖੀ ਅਫਸਰ ਨੇ ਡਾਕਟਰ ਨੂੰ ਫੋਨ ਕਰਨ ਦੀ ਥਾਂ ਪਹਿਲਾ ਫੋਨ ਅਮਰਿੰਦਰ ਸਿੰਘ ਜੀ ਤੁਹਾਨੂੰ ਕੀਤਾ ਸੀ ਕਿ ਚੋਣਾਂ ਸਿਰ ਉੱਤੇ ਹਨ ਤੇ ਆਹ ਤੁਹਾਡੇ ਲਈ ਚੰਗੀ ਖਬਰ ਆ ਗਈ ਹੈ। ਇਸ ਨਾਲ ਬਹਿਸ ਦਾ ਰੁਖ ਬਾਦਲ ਦੇ ਆਪਣੇ ਖਿਲਾਫ ਮੁੜ ਸਕਦਾ ਸੀ ਕਿ ਉਸ ਨੂੰ ਕਿਵੇਂ ਪਤਾ, ਜਾਂ ਤਾਂ ਉਹ ਅਮਰਿੰਦਰ ਸਿੰਘ ਦੇ ਫੋਨ ਟੈਪ ਕਰਾਉਂਦਾ ਰਿਹਾ ਹੋਵੇਗਾ ਜਾਂ ਆਪਣੀ ਸੁਰੱਖਿਆ ਵਾਲੇ ਮੁਖੀ ਦੇ ਕਰਾਉਂਦਾ ਹੋਵੇਗਾ, ਪਰ ਉਸ ਨੇ ਇਹ ਮੌਕਾ ਹੀ ਨਹੀਂ ਆਉਣ ਦਿੱਤਾ। ਇਸ ਦੀ ਥਾਂ ਅਗਲੀ ਗੱਲ ਇਹ ਆਖ ਦਿੱਤੀ ਕਿ ਅਮਰਿੰਦਰ ਸਿੰਘ ਜੀ, ਅਫਸਰ ਕਿਸੇ ਦੇ ਸਕੇ ਨਹੀਂ ਹੋਇਆ ਕਰਦੇ, ਇਨ੍ਹਾਂ ਦੀ ਸਾਂਝ ਕੁਰਸੀ ਨਾਲ ਹੁੰਦੀ ਹੈ, ਤੁਸੀਂ ਇਨ੍ਹਾਂ ਦੇ ਕਹੇ ਉੱਤੇ ਸਰਕਾਰ ਚਲਾਓਗੇ ਤਾਂ ਸਾਡੇ ਵਾਲੀਆਂ ਗਲਤੀਆਂ ਹੀ ਕਰ ਬੈਠੋਗੇ। ਬਹਿਸ ਦਾ ਰੁਖ ਇਸ ਨਾਲ ਇਸ ਪਾਸੇ ਮੁੜ ਗਿਆ ਸੀ ਕਿ ਪੰਜਾਬ ਵਿੱਚ ਅਫਸਰਸ਼ਾਹੀ ਭਾਰੂ ਹੋਈ ਜਾ ਰਹੀ ਹੈ, ਪਰ ਆਪਣੇ ਦੌਰ ਦੀਆਂ ਬੱਜਰ ਗਲਤੀਆਂ ਅਤੇ ਲਾਏ ਗਏ ਦੋਸ਼ਾਂ ਨੂੰ ਸੁਣਨ ਤੋਂ ਭੱਜਣ ਦੀ ਥਾਂ ਬਾਦਲ ਨੇ ਸਾਹਮਣਾ ਕੀਤਾ ਸੀ।

ਅੱਜ ਦੇ ਦੌਰ ਵਿੱਚ ਵੀ ਸਿਰਫ ਇਹੋ ਨਹੀਂ ਕਿ ਵਿਧਾਨ ਸਭਾ ਵਿੱਚੋਂ ਉੱਠਣ ਦੀ ਬਾਦਲ ਨੇ ਗੱਲ ਨਹੀਂ ਸੀ ਸੋਚਣੀ, ਉਸ ਦੇ ਹੱਥ ਕਮਾਨ ਹੁੰਦੀ ਤਾਂ ਮੀਡੀਆ ਚੈਨਲਾਂ ਤੇ ਅਖਬਾਰਾਂ ਦੇ ਬਾਈਕਾਟ ਦੇ ਬਿਆਨ ਵੀ ਕਿਸੇ ਮਲੂਕੇ ਜਾਂ ਜਗੀਰ ਕੌਰ ਨੇ ਨਹੀਂ ਸੀ ਦੇ ਸਕਣੇ ਤੇ ਮੀਡੀਆ ਵਾਲਿਆਂ ਬਾਰੇ ਇਹ ਲਫਜ਼ ਕਹਿਣ ਦੀ ਤਾਂ ਕਿਸੇ ਦੀ ਹਿੰਮਤ ਵੀ ਨਹੀਂ ਸੀ ਹੋਣੀ ਕਿ 'ਚੀਰ ਕੇ ਰੱਖ ਦਿਆਂਗੇ।' ਵੱਡਾ ਬਾਦਲ ਅਜੇ ਖੁਦ ਨੂੰ ਏਨਾ ਬੁੱਢਾ ਵੀ ਨਹੀਂ ਮੰਨਦਾ ਕਿ ਸੰਨਿਆਸ ਲੈ ਕੇ ਬੈਠ ਜਾਵੇ। ਫਿਰ ਉਸ ਨੂੰ ਜ਼ਿਮੇਵਾਰੀ ਸਮਝ ਕੇ ਦਖਲ ਦੇਣਾ ਚਾਹੀਦਾ ਹੈ। ਜੋ ਗਲਤ ਹੁੰਦਾ ਦਿੱਸਦਾ ਹੈ, ਰੋਕਣ ਦਾ ਬਲ ਧਾਰਨਾ ਚਾਹੀਦਾ ਹੈ। ਏਨਾ ਵੀ ਨਹੀਂ ਕਰਨਾ ਤਾਂ ਜਿਹੜਾ ਨੁਕਸਾਨ ਹੋ ਗਿਆ, ਉਸ ਦੀ ਜ਼ਿਮੇਵਾਰੀ ਕਿਸ ਦੇ ਸਿਰ ਪਵੇਗੀ, ਸਭ ਨੂੰ ਪਤਾ ਹੈ।

## ਇਹ ਤਾਂ ਉਹ ਹੀ ਸੀ..

-ਪ੍ਰੋ. ਜਤਿੰਦਰ ਬੀਰ ਸਿੰਘ ਨੰਦਾ-

ਕੋਈ ਚਾਲੀ ਸਾਲ ਪਹਿਲਾਂ ਦੀ ਗੱਲ ਹੈ। ਜਵਾਨੀ ਦੇ ਦਿਨ ਸਨ। ਉਦੋਂ ਮੇਰੀ ਨਿਯੁਕਤੀ ਸੰਗਰੂਰ ਜ਼ਿਲੇ ਵਿੱਚ ਪੈਂਦੇ ਇਕ ਕਾਲਜ ਵਿੱਚ ਸੀ। ਇਕ ਦਿਨ ਕਾਲਜ ਤੋਂ ਕੰਮ ਮੁਕਾ ਕੇ ਮੈਂ ਰੋਟੀ ਛਕਣ ਲਈ ਮੁਲਤਾਨੀ ਦੇ ਢਾਬੇ ਗਿਆ। ਛੇਤੀ ਰੋਟੀ ਵੀ ਆ ਗਈ ਅਤੇ ਅੰਦਰ ਜਾ ਕੇ ਖਾਣ ਲੱਗ ਪਿਆ। ਕੁਝ ਸਮੇਂ ਬਾਅਦ ਇਕ ਪਰਵਾਰ ਰੋਟੀ ਖਾਣ ਆਇਆ ਅਤੇ ਮੇਰੇ ਨਾਲ ਵਾਲੇ ਮੇਜ਼ 'ਤੇ ਸਜ ਗਿਆ। ਪਰਵਾਰ ਨਾਲ ਉਨ੍ਹਾਂ ਦਾ ਨੌਕਰ ਵੀ ਸੀ, ਜਿਸ ਨੂੰ ਉਨ੍ਹਾਂ ਨੇ ਨਾਲ ਹੀ ਪਏ ਬੈਂਚ 'ਤੇ ਬਿਠਾ ਦਿੱਤਾ। ਕੁਝ ਦੇਰ ਬਾਅਦ ਜਦੋਂ ਉਨ੍ਹਾਂ ਅੱਗੇ ਭੋਜਨ ਪਰੋਸਿਆ ਗਿਆ ਤਾਂ ਉਹ ਖਾਣ ਲਈ ਇਸ ਤਰ੍ਹਾਂ ਉਲਰੇ ਜਿਵੇਂ ਕਈ ਦਿਨਾਂ ਦੇ ਭੁੱਖੇ ਹੋਣ। ਉਂਜ ਉਨ੍ਹਾਂ ਨੇ ਆਪਣੇ ਨੌਕਰ ਨੂੰ ਰੋਟੀ ਖਾਣ ਲਈ ਨਹੀਂ ਬੁਲਾਇਆ, ਨਾ ਉਹਦੇ ਲਈ ਵੱਖਰੀ ਰੋਟੀ ਮੰਗਵਾਈ। ਇਸ ਦੌਰਾਨ ਉਹ ਵਾਰ-ਵਾਰ ਖਾਣ ਪੀਣ ਦੀਆਂ ਹੋਰ ਵਸਤਾਂ ਦੀਆਂ ਪਲੇਟਾਂ ਮੰਗਵਾਉਂਦੇ ਰਹੇ ਅਤੇ ਖਾ-ਖਾ ਕੇ ਆਫਰ ਗਏ। ਫਿਰ ਸਾਰੇ ਜਣੇ ਡਕਾਰ ਮਾਰਨ ਲੱਗ ਪਏ।

ਇਹ ਦੇਖ ਕੇ ਮੇਰਾ ਹਾਸਾ ਰੋਕਣ 'ਤੇ ਵੀ ਨਹੀਂ ਸੀ ਰੁਕ ਰਿਹਾ, ਮੈਂ ਦੂਜੇ ਪਾਸੇ ਮੂੰਹ ਕਰਕੇ ਹੱਸਦਾ ਰਿਹਾ। ਫਿਰ ਇਸ ਪਰਵਾਰ ਦੇ ਜੀਅ ਰਸਤੇ ਵਿੱਚ ਮੇਰੇ ਨੇੜੇ ਬੈਂਚ 'ਤੇ ਬੈਠੇ ਨੌਕਰ ਕੋਲ ਆਏ, ਉਸ ਨੂੰ ਕਿਹਾ ਕਿ 'ਜਾ ਬਾਕੀ ਰਹਿੰਦਾ ਤੂੰ ਖਾ ਲੈ' ਅਤੇ ਖੁਦ ਬਾਹਰ ਕਾਰ ਵਿੱਚ ਜਾ ਬੈਠੇ ਅਤੇ ਉਸ ਦੀ ਉਡੀਕ ਕਰਨ ਲੱਗ ਪਏ। ਮੇਰਾ ਹੱਸਦਾ ਹੋਇਆ ਚਿਹਰਾ ਇਕਦਮ ਗਮਗੀਨ ਹੋ ਗਿਆ। ਮੈਂ ਸੋਚਿਆ, ਕੀ ਇਹ ਨੌਕਰ ਨੂੰ ਆਪਣੇ ਜੂਠ ਖਵਾਉਣਗੇ? ਮੇਰਾ ਦਿਲ ਪੀੜ ਨਾਲ ਭਰ ਗਿਆ। ਪਹਿਲਾਂ ਮੈਂ ਉਨ੍ਹਾਂ ਦਾ ਪਿੱਛਾ ਕਰਕੇ ਉਨ੍ਹਾਂ ਕੋਲ ਰੋਸ ਪ੍ਰਗਟ ਕਰਨ ਬਾਰੇ ਸੋਚਿਆ, ਪਰ ਫਿਰ ਕਿਸੇ ਹੋਰ ਸਮੇਂ ਉਨ੍ਹਾਂ ਨਾਲ ਵਿਸਥਾਰ ਨਾਲ ਗੱਲਬਾਤ ਕਰਨ ਬਾਰੇ ਮਨ ਬਣਾਇਆ।

ਜਦੋਂ ਉਹ ਨੌਕਰ ਉਨ੍ਹਾਂ ਦਾ ਬਚਿਆ ਖਾਣਾ ਖਾ ਕੇ ਮੇਰੇ ਕੋਲੋਂ ਲੰਘਣ ਲੱਗਿਆ, ਮੈਂ ਉਸ ਨੂੰ ਰੋਕ ਕੇ ਪੁੱਛਿਆ ਕਿ ਉਹ ਕੌਣ ਹੈ ਅਤੇ ਉਹਨੂੰ ਕੋਈ ਬੱਝਵੀਂ ਤਨਖਾਹ ਵੀ ਮਿਲਦੀ ਹੈ ਜਾਂ ਨਹੀਂ? ਇਕ ਦੋ ਸਵਾਲ ਹੋਰ ਸਨ। ਬੜੀ ਮਾਯੂਸੀ ਵਿੱਚ ਉਹ ਕਹਿਣ ਲੱਗਾ, 'ਮੈਨੂੰ ਕੋਈ ਤਨਖਾਹ ਨਹੀਂ ਮਿਲਦੀ। ਘਰ ਵਿੱਚ ਵੀ ਇਵੇਂ ਹੀ ਹੁੰਦਾ ਹੈ। ਕੱਪੜੇ ਵੀ ਉਤਾਰੇ ਹੋਏ ਦਿੰਦੇ ਹਨ। ਮੇਰੇ ਮਾਂ ਬਾਪ ਹੈ ਨਹੀਂ।' ਮੈਂ ਸੱਤੀ ਨਾਂ ਦੇ ਇਸ ਮੁੰਡੇ ਨੂੰ ਆਪਣੇ ਇਕ ਸਾਹਿਤਕਾਰ ਸਹਿਯੋਗੀ ਨੂੰ ਮਿਲਣ ਲਈ ਕਿਹਾ, ਜੋ ਸ਼ਹਿਰ ਵਿੱਚ ਕਾਫੀ ਰਸੂਖ ਰੱਖਦਾ ਸੀ ਤੇ ਕਈ ਸਮਾਜਿਕ ਤੇ ਵਿਦਿਅਕ ਸੰਸਥਾਵਾਂ ਨਾਲ ਸੰਬੰਧਤ ਸੀ। ਉਸ ਸਾਹਿਤਕਾਰ ਦੋਸਤ ਨੇ ਪਹਿਲਾਂ ਉਸ ਨੂੰ ਆਪਣੇ ਘਰ ਕੰਮ 'ਤੇ ਰੱਖਿਆ, ਫਿਰ ਆਪਣੇ ਰਸੂਖ ਨਾਲ ਕਿਸੇ ਪ੍ਰਾਈਵੇਟ ਸਕੂਲ ਦਾ ਸੇਵਾਦਾਰ ਲਗਵਾ ਦਿੱਤਾ ਅਤੇ ਨਾਲ ਪੜ੍ਹਾਈ ਸ਼ੁਰੂ ਕਰਵਾ ਦਿੱਤੀ।

ਕੁਝ ਸਮੇਂ ਬਾਅਦ ਮੇਰੀ ਬਦਲੀ ਲੁਧਿਆਣੇ ਦੀ ਹੋ ਗਈ। ਹੌਲੀ-ਹੌਲੀ ਸੰਗਰੂਰ ਸ਼ਹਿਰ ਨਾਲੋਂ ਸੰਪਰਕ ਟੁੱਟਦਾ-ਟੁੱਟਦਾ ਆਖਰ ਮੁਕੰਮਲ ਰੂਪ ਵਿੱਚ ਟੁੱਟ ਗਿਆ। ਕੁਝ ਸਮਾਂ ਪਹਿਲਾਂ ਸੰਗਰੂਰ ਕਾਲਜ ਨੇ ਮੈਨੂੰ ਸਾਲਾਨਾ ਇਨਾਮ ਵੰਡ ਸਮਾਰੋਹ 'ਤੇ ਰਵਾਇਤ ਅਨੁਸਾਰ ਮਹਿਮਾਨ ਵਜੋਂ ਬੁਲਾਇਆ। ਕਿਸੇ ਬੈਂਕ ਦੇ ਵੱਡੇ ਅਫਸਰ ਨੇ ਇਨਾਮ ਵੰਡਣ ਆਉਣਾ ਸੀ। ਸਮਾਰੋਹ ਵਾਲੇ ਦਿਨ ਮੈਂ ਸਿੱਧਾ ਪ੍ਰਿੰਸੀਪਲ ਦੇ ਕਮਰੇ ਵਿੱਚ ਜਾ ਪਹੁੰਚਿਆ ਜਿਹੜਾ ਮੇਰਾ ਪੁਰਾਣਾ ਸਹਿਯੋਗੀ ਸੀ। ਅਜੇ ਚਾਹ ਪਾਣੀ ਪੀ ਰਹੇ ਸਾਂ ਕਿ ਇਕ ਹੋਰ ਸ਼ਖਸ ਕਮਰੇ ਵਿੱਚ ਆਇਆ। ਇਸ ਸ਼ਖਸ ਨੇ ਕਮਰੇ ਅੰਦਰ ਵੜਦੇ ਸਾਰ ਮੈਨੂੰ ਪਛਾਣ ਲਿਆ, ਪਰ ਮੈਂ ਜ਼ੋਰ ਪਾਉਣ 'ਤੇ ਵੀ ਉਨ੍ਹਾਂ ਨੂੰ ਸਿਆਣ ਨਹੀਂ ਸਕਿਆ। ਪ੍ਰਿੰਸੀਪਲ ਮੈਨੂੰ ਜਕੋਤਕੀ ਵਿੱਚ ਦੇਖਦਿਆਂ ਬੋਲੇ, 'ਅੱਛਾ ਤੁਹਾਨੂੰ ਯਾਦ ਐ, ਬਹੁਤ ਪਹਿਲਾਂ ਮੁਲਤਾਨੀ ਢਾਬੇ 'ਤੇ ਤੁਹਾਨੂੰ ਸੱਤੀ ਮਿਲਿਆ ਸੀ ਅਤੇ ਉਸ ਨੂੰ ਤੁਸੀਂ ਮੇਰੇ ਕੋਲ ਭੇਜਿਆ ਸੀ..।' ਇੰਨਾ ਸੁਣਦਿਆਂ ਮੇਰੀ ਉਤਸੁਕਤਾ ਚਰਮ ਸੀਮਾ 'ਤੇ ਪੁੱਜ ਗਈ। ਇੰਨੇ ਨੂੰ ਪ੍ਰਿੰਸੀਪਲ ਬੋਲੇ, 'ਇਹ ਉਹੀ ਸੱਤੀ ਹੈ, ਇਹੀ ਅੱਜ ਦੇ ਮੁੱਖ ਮਹਿਮਾਨ ਹਨ, ਤੇ ਇਨ੍ਹਾਂ ਨੇ ਹੀ ਅੱਜ ਇਨਾਮ ਵੰਡਣੇ ਹਨ।'

FREDERICK BANTING INTERNATIONAL SCHOOL
- CLASSES FROM KINDERGARTEN TO GRADE 12
- SMALL CLASS SIZE (MAX 19 STUDENTS PER CLASS)
- CELL PHONES NOT ALLOWED ON SCHOOL PROPERTY
- INNOVATIVE MATH PROGRAM AND NO USE OF CALCULATORS UNTIL GRADE 8
- ROBOTICS & STEM CLUB; MENTAL MATH; CHESS; MARTIAL ARTS; YOGA
- WESTERN DANCES (HIP HOP, JAZZ, BALLET, AND OTHERS); BHANGRA (PUNJABI FOLK DANCE); BOLLYWOOD DANCE
- FREE ACADEMIC HELP UNTIL 6:00 PM
- FRENCH LANGUAGE CLASSES BEGINNING FROM KINDERGARTEN

21 COVENTRY RD
COVENTRY CAMPUS
21 Coventry Rd, Brampton, Ontario L6T 4V7
Phone: 647-407-4600
WWW.FBI.SCHOOL | INFO@FBS.SCHOOL
HIGHLIGHTS
- MID-TERM AND FINAL EXAMS BEGINNING AT GRADE 1
- INTENSIVE CARE UNIT FOR STUDENTS WHO NEED EXTRA HELP
- PARENT - PRINCIPAL MEETING EACH MONTH
- HOCKEY; BASKETBALL; SOCCER; FITNESS; AEROBICS

Avro Transport Inc.
Owner Operator/Single Drives & Team Drivers ਦੀ ਲੋੜ ਹੈ
Toronto to Montreal, Midwest & USA
Brand New Truck's Available
For Owner Operator:- $1.55
*Plates + Insurance + Tolls will be paid by Company
For Drivers:- $0.58 + $0.02
*Safety Bonus
For Team Drivers:- $0.70
ਜਿਆਦਾ ਜਾਣਕਾਰੀ ਲਈ ਸੰਪਰਕ ਕਰੋ:-
Ph: 416-896-1313

FIRST CHOICE FINANCIAL LIMITED
TRUCK LOANS
ਟੱਰਕ ਲੋਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals - Honest Service
- Best Rate in Town - Offices all over Canada
For more Information Contact
Rajdeep: 647.707.4167
Office: 905.678.2424

Tri-City Professional Realty Inc., Brokerage
Number 1 Tri-City agent in Canada on basis of sales volume 2015
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection
ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777
31 Melanie Dr. Unit #4 Brampton, ON L6T 5H8
Avtar Singh Tiwana Sales Rep.
FOR SALE $645,000 Darcel/Brandon Gate: ਬਹੁਤ ਹੀ ਸੋਹਣਾ 3+1 ਬੈਡਰੂਮ, 2 ਵਾਸ਼ਰੂਮ ਦਾ ਸੈਮੀ ਡਿਟੈਚ ਘਰ, ਨਵੇਂ ਫਰੰਟ ਡੋਰ, ਈਟ ਇਨ ਕਿਚਨ, ਕੈਲੀਫੋਰਨੀਆ ਸ਼ਟਰਜ਼, ਸਹੂਲਤਾਂ ਵਿੱਚ ਗਰਾਜ ਓਪਨਰ, ਫਰਨਿਸ, ਲੈਮੀਨੇਟਡ ਫਲੋਰ।
FOR SALE $799,900 Chinguacousy/Sandalwood: 5 ਬੈਡਰੂਮ + 3 ਵਾਸ਼ਰੂਮ ਦਾ ਬਹੁਤ ਹੀ ਸੋਹਣਾ ਸੈਮੀ ਡੀਟੈਚਡ, ਡਬਲ ਸਟੋਰੀ ਘਰ, ਹਾਰਡਵੁਡ ਫਲੋਰ, ਡਬਲ ਡੋਰ ਗਰਾਜ, ਸਕੂਲ, ਬੱਸ ਸਟਾਪ, ਜਿਮ ਆਦਿ ਸਹੂਲਤਾਂ ਦੇ ਨੇੜੇ।
FOR SALE Photo Not Available $3,249,000 Niagara Falls Ontario: ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।
FOR SALE $859,900 Bramalea/Sandalwood: 4 ਬੈਡਰੂਮ, 3 ਵਾਸ਼ਰੂਮ ਦਾ ਡਬਲ ਸਟੋਰੀ ਡਿਟੈਚਡ ਘਰ, ਪਾਈ ਸ਼ੇਪ ਲੌਟ, ਪੋਟ ਲਾਈਟ, ਸੀਰਾਮਿਕ ਫਲੋਰ, ਰੂਫ ਸ਼ਿੰਗਲ 2015 ਵਿਚ ਬਦਲੇ ਹਨ, ਬੈਸਮੈਂਟ ਨੂੰ ਸੈਪਰੇਟ ਏਨਟਰੈਂਸ। ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਮਾਲ ਆਦਿ

## ਬੇਅਦਬੀ ਕਾਂਡ ਅਤੇ ਮੌੜ ਮੰਡੀ ਕੇਸ ਵਿੱਚ ਡੇਰਾ ਮੁਖੀ ਦੇ ਰੋਲ ਦੀ ਜਾਂਚ ਲਈ ਪਟੀਸ਼ਨ ਦਾਇਰ




ਚੰਡੀਗੜ੍ਹ, 14 ਅਕਤੂਬਰ (ਪੋਸਟ ਬਿਊਰੋ)- ਪੰਜਾਬ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਅਤੇ ਮੌੜ ਬੰਬ ਧਮਾਕੇ ਦੀ ਘਟਨਾ ਵਿੱਚ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਅਤੇ ਉਸ ਦੇ ਸਹਿਯੋਗੀਆਂ ਦੇ ਰੋਲ ਦੀ ਜਾਂਚ ਅਤੇ ਕਾਨੂੰਨੀ ਕਾਰਵਾਈ ਦੀ ਮੰਗ ਲਈ ਹਾਈ ਕੋਰਟ ਵਿੱਚ ਅਰਜ਼ੀ ਦਾਇਰ ਕੀਤੀ ਗਈ ਹੈ।

ਮਿਲੀ ਜਾਣਕਾਰੀ ਅਨੁਸਾਰ ਬਠਿੰਡਾ ਦੇ ਭੁਪਿੰਦਰ ਸਿੰਘ ਗੋਰਾ ਨੇ ਪੰਜਾਬ ਦੀ ਸਰਕਾਰ, ਡੀ ਜੀ ਪੀ ਪੰਜਾਬ, ਐੱਸ ਐੱਸ ਪੀ ਫਰੀਦਕੋਟ, ਡੇਰਾ ਸੱਚਾ ਸੌਦਾ ਦਾ ਮੁਖੀ ਗੁਰਮੀਤ ਰਾਮ ਰਹੀਮ, ਉਸ ਦੇ ਨਿੱਜੀ ਸਹਾਇਕ ਰਾਕੇਸ਼, ਕੇਂਦਰ ਦੀ ਜਾਂਚ ਏਜੰਸੀ ਸੀ ਬੀ ਆਈ ਤੇ ਹੋਰਨਾਂ ਨੂੰ ਪਾਰਟੀ ਬਣਾਉਂਦੇ ਇੱਕ ਪਟੀਸ਼ਨ ਦਾਇਰ ਕੀਤੀ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਸਰਕਾਰੀ ਧਿਰਾਂ ਪੱਖ ਤਿੰਨ ਸਾਲ ਬੀਤਣ ਦੇ ਬਾਅਦ ਵੀ ਜਾਂਚ ਪੂਰੀ ਨਹੀਂ ਕਰ ਸਕੀਆਂ ਅਤੇ ਨਾ ਗੁਰਮੀਤ ਰਾਮ ਰਹੀਮ ਅਤੇ ਉਸ ਦੇ ਸਹਿਯੋਗੀਆਂ ਤੋਂ ਪੁੱਛਗਿੱਛ ਕੀਤੀ ਗਈ ਹੈ, ਇਸ ਨੂੰ ਸਿਆਸਤ ਝਲਕਦੀ ਹੈ। ਪਟੀਸ਼ਨਰ ਪੱਖ ਵੱਲੋਂ ਵਕੀਲ ਰਵਨੀਤ ਸਿੰਘ ਜੋਸ਼ੀ ਨੇ ਮੰਗ ਰੱਖੀ ਹੈ ਕਿ ਸਰਕਾਰੀ ਧਿਰਾਂ ਨੂੰ ਹੁਕਮ ਦਿੱਤੇ ਜਾਣ ਕਿ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਵਿੱਚ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਅਤੇ ਉਸ ਦੇ ਸਹਿਯੋਗੀਆਂ ਦੇ ਰੋਲ ਦੀ ਸਹੀ ਤਰੀਕੇ ਨਾਲ ਤੈਅ ਸਮੇਂ ਵਿੱਚ ਜਾਂਚ ਪੂਰੀ ਕੀਤੀ ਜਾਏ। ਪਟੀਸ਼ਨ ਦੇ ਮੁਤਾਬਕ ਬੇਅਦਬੀ ਦੀਆਂ ਘਟਨਾਵਾਂ ਦੀ ਜਾਂਚ ਲਈ ਬਣੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਵੀ ਰਿਪੋਰਟ ਵਿੱਚ ਡੇਰਾ ਪੈਰੋਕਾਰਾਂ ਅਤੇ ਡੇਰਾ ਮੁਖੀ ਬਾਰੇ ਟਿੱਪਣੀ ਦਰਜ ਹੈ। ਇਸ ਪਟੀਸ਼ਨ 'ਤੇ ਅਗਲੇ ਹਫਤੇ ਸੁਣਵਾਈ ਹੋਵੇਗੀ।

## ਜਲੰਧਰ ਦੇ ਕਾਂਗਰਸੀ ਵਿਧਾਇਕ ਰਿੰਕੂ ਦਾ ਮਾਮਲਾ ਆਈ ਏ ਐਸ ਐਸੋਸੀਏਸ਼ਨ ਕੋਲ ਜਾ ਪੁੱਜਾ



ਜਲੰਧਰ, 14 ਅਕਤੂਬਰ (ਪੋਸਟ ਬਿਊਰੋ)- ਜਲੰਧਰ ਪੱਛਮੀ ਵਿਧਾਨ ਸਭਾ ਹਲਕਾ ਦੇ ਵਿਧਾਇਕ ਸੁਸ਼ੀਲ ਰਿੰਕੂ ਤੇ ਨਗਰ ਨਿਗਮ ਦੀ ਜਾਇੰਟ ਕਮਿਸ਼ਨਰ ਵਿੱਚ ਤਕਰਾਰ ਦਾ ਮਾਮਲਾ ਆਈ ਏ ਐੱਸ ਐਸੋਸੀਏਸ਼ਨ ਕੋਲ ਪਹੁੰਚ ਗਿਆ ਅਤੇ ਇਸ ਐਸੋਸੀਏਸ਼ਨ ਦੇ ਪੰਜਾਬ ਪ੍ਰਧਾਨ ਕੇ ਬੀ ਐੱਸ ਸਿੱਧੂ ਨੇ ਇਸ ਬਾਰੇ ਡਿਪਟੀ ਕਮਿਸ਼ਨਰ ਜਲੰਧਰ ਵਰਿੰਦਰ ਕੁਮਾਰ ਸ਼ਰਮਾ ਨੂੰ ਰਿਪੋਰਟ ਦੇਣ ਲਈ ਕਿਹਾ ਹੈ। ਇਸ ਉੱਤੇ ਡੀ ਸੀ ਨੇ ਸ਼ੁੱਕਰਵਾਰ ਹੋਏ ਵਿਵਾਦ ਦੀ ਵੀਡੀਓ ਮੰਗਵਾ ਲਈ ਹੈ। ਉਨ੍ਹਾਂ ਨੇ ਇਸ ਬਾਰੇ ਨਗਰ ਨਿਗਮ ਕਮਿਸ਼ਨਰ ਦੀਪਰਵਾ ਲਾਕੜਾ ਤੋਂ ਰਿਪੋਰਟ ਮੰਗੀ ਹੈ।

ਡਿਪਟੀ ਕਮਿਸ਼ਨਰ ਵਰਿੰਦਰ ਕੁਮਾਰ ਸ਼ਰਮਾ ਨੇ ਕਿਹਾ ਕਿ ਉਨ੍ਹਾਂ ਕੋਲ ਇਸ ਮਾਮਲੇ 'ਚ ਆਸ਼ਿਕਾ ਜੈਨ ਵੱਲੋਂ ਕੋਈ ਸ਼ਿਕਾਇਤ ਨਹੀਂ ਆਈ। ਇਸ ਬਾਰੇ ਨਗਰ ਨਿਗਮ ਕਮਿਸ਼ਨਰ ਦੀਪਰਵਾ ਲਾਕੜਾ ਨੇ ਕਿਹਾ ਕਿ ਇਸ ਮਾਮਲੇ 'ਚ ਉਚਿਤ ਕਾਰਵਾਈ ਹੋਵੇਗੀ। ਉਂਜ ਵਿਧਾਇਕ ਦੇ ਵਿਹਾਰ ਦੀ ਆਈ ਏ ਐਸ ਐਸੋਸੀਏਸ਼ਨ ਨੂੰ ਸ਼ਿਕਾਇਤ ਕਰਨ ਬਾਰੇ ਪੁੱਛੇ ਜਾਣ ਉੱਤੇ ਆਸ਼ਿਕਾ ਜੈਨ ਨੇ ਕਿਹਾ ਕਿ ਉਨ੍ਹਾਂ ਨੇ ਕਿਸੇ ਤਰ੍ਹਾਂ ਦੀ ਕੋਈ ਸ਼ਿਕਾਇਤ ਨਹੀਂ ਕੀਤੀ।

ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ ਸਾਲ 2000 ਵਿੱਚ ਉਸ ਸਮੇਂ ਦੇ ਜੁਆਇੰਟ ਕਮਿਸ਼ਨਰ ਕ੍ਰਿਸ਼ਨ ਕੁਮਾਰ (ਸਕੱਤਰ ਸਿਖਿਆ ਵਿਭਾਗ) ਆਈ ਏ ਐੱਸ ਅਤੇ ਅਕਾਲੀ ਕੌਂਸਲਰ ਕਮਲਜੀਤ ਸਿੰਘ ਭਾਟੀਆ ਵਿਚਾਲੇ ਵੀ ਬਸਤੀਆਂ ਖੇਤਰ ਵਿੱਚ ਕਿਸੇ ਬਿਲਡਿੰਗ ਵਿਰੁੱਧ ਕਾਰਵਾਈ ਬਾਰੇ ਬਹਿਸ ਹੋ ਗਈ ਸੀ ਅਤੇ ਭਾਟੀਆ ਨੇ ਵੀ ਰਿੰਕੂ ਵਾਂਗ ਹੀ ਜਨਤਾ ਦੇ ਹੱਕ ਵਿੱਚ ਸਟੈਂਡ ਲੈਂਦੇ ਹੋਏ ਕ੍ਰਿਸ਼ਨ ਕੁਮਾਰ ਨੂੰ ਏਥੋਂ ਚਲੇ ਜਾਣ ਲਈ ਕਿਹਾ ਸੀ। ਉਸ ਦੇ ਬਾਅਦ ਕ੍ਰਿਸ਼ਨ ਕੁਮਾਰ ਨੇ ਖੁਦ ਥਾਣੇ ਜਾ ਕੇ ਕਮਲਜੀਤ ਸਿੰਘ ਭਾਟੀਆ ਵਿਰੁੱਧ ਕੇਸ ਦਰਜ ਕਰਵਾਇਆ ਸੀ।

## ਢੀਂਡਸਾ ਨੂੰ ਮਨਾਉਣ ਵਿੱਚ ਬਾਦਲ ਵੀ ਸਫਲ ਨਹੀਂ ਹੋਏ



ਚੰਡੀਗੜ੍ਹ, 14 ਅਕਤੂਬਰ (ਪੋਸਟ ਬਿਊਰੋ)- ਅਕਾਲੀ ਦਲ ਦੇ ਸਰਪ੍ਰਸਤ ਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੀ ਪਾਰਟੀ ਦੇ ਸਾਬਕਾ ਜਨਰਲ ਸਕੱਤਰ ਤੇ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਨੂੰ ਅਕਾਲੀ ਦਲ ਦੇ ਅਹੁਦਿਆਂ ਤੋਂ ਦਿੱਤਾ ਅਸਤੀਫਾ ਵਾਪਸ ਲੈਣ ਲਈ ਮਨਾਉਣ ਵਿੱਚ ਸਫਲ ਨਹੀਂ ਹੋਏ। ਭਾਵੇਂ ਢੀਂਡਸਾ ਦੇ ਅਸਤੀਫੇ ਪਿੱਛੋਂ ਬਾਦਲ ਨੇ ਪਾਰਟੀ ਦੇ ਕਈ ਸੀਨੀਅਰ ਆਗੂਆਂ ਨੂੰ ਢੀਂਡਸਾ ਨਾਲ ਗੱਲ ਕਰ ਕੇ ਉਨ੍ਹਾਂ ਨੂੰ ਮਨਾਉਣ ਦੀ ਜ਼ਿੰਮੇਵਾਰੀ ਦਿੱਤੀ ਸੀ, ਪਰ ਇਨ੍ਹਾਂ ਆਗੂਆਂ ਦੇ ਯਤਨ ਨਾਕਾਮ ਰਹਿਣ ਪਿੱਛੋਂ ਬਾਦਲ ਕੱਲ੍ਹ ਸ਼ਾਮ ਚੰਡੀਗੜ੍ਹ ਵਿੱਚ ਢੀਂਡਸਾ ਦੀ ਰਿਹਾਇਸ਼ 'ਤੇ ਉਨ੍ਹਾਂ ਨੂੰ ਦੱਸੇ ਬਿਨਾਂ ਚੁੱਪਚਾਪ ਮਿਲਣ ਜਾ ਪਹੁੰਚੇ। ਪਤਾ ਲੱਗਾ ਹੈ ਕਿ ਇਸ ਮੌਕੇ ਬਾਦਲ ਨੇ ਉਨ੍ਹਾਂ ਨੂੰ ਅਸਤੀਫਾ ਵਾਪਸ ਲੈਣ 'ਤੇ ਜ਼ੋਰ ਦਿੱਤਾ, ਪਰ ਢੀਂਡਸਾ ਨੇ ਨਾਂਹ ਕਰ ਦਿੱਤੀ। ਉਨ੍ਹਾਂ ਅਹੁਦਾ ਛੱਡਣ ਦਾ ਕਾਰਨ ਆਪਣੀ ਸਿਹਤ ਖਰਾਬ ਹੋਣਾ ਦੱਸਿਆ ਇਸ ਤਰ੍ਹਾਂ ਢੀਂਡਸਾ ਦੇ ਅਸਤੀਫਾ ਵਾਪਸ ਲੈਣ ਦੀ ਸੰਭਾਵਨਾ ਕਾਫੀ ਘੱਟ ਹੈ।

ਦੂਸਰੇ ਪਾਸੇ ਪਾਰਟੀ ਵਿੱਚ ਨਾਰਾਜ਼ਗੀ ਪ੍ਰਗਟ ਕਰ ਚੁੱਕੇ ਹੋਰ ਪੁਰਾਣੇ ਆਗੂਆਂ ਰਣਜੀਤ ਸਿੰਘ ਬ੍ਰਹਮਪੁਰਾ, ਸੇਵਾ ਸਿੰਘ ਸੇਖਵਾਂ ਤੇ ਰਤਨ ਸਿੰਘ ਅਜਨਾਲਾ ਨੇ ਵੀ ਅੰਦਰੂਨੀ ਤੌਰ 'ਤੇ ਆਪਣੀ ਅਗਲੀ ਰਣਨੀਤੀ ਲਈ ਸਰਗਰਮੀਆਂ ਜਾਰੀ ਰੱਖੀਆਂ ਹਨ। ਇਨ੍ਹਾਂ ਨੇਤਾਵਾਂ ਵੱਲੋਂ ਨਾਰਾਜ਼ਗੀ ਜਤਾਏ ਜਾਣ ਤੋਂ ਬਾਅਦ ਉਨ੍ਹਾਂ ਨੂੰ ਮਨਾਉਣ ਦੇ ਪਾਰਟੀ ਪ੍ਰਧਾਨ ਸੁਖਬੀਰ ਬਾਦਲ ਤੇ ਹੋਰ ਪ੍ਰਮੁੱਖ ਨੇਤਾਵਾਂ ਨੇ ਯਤਨ ਨਹੀਂ ਕੀਤੇ ਸਨ। ਢੀਂਡਸਾ ਵੱਲੋਂ ਦਿੱਤਾ ਗਿਆ ਅਸਤੀਫਾ ਵਾਪਸ ਲੈਣ ਤੋਂ ਨਾਂਹ ਕਰ ਦੇਣ ਨਾਲ ਅਕਾਲੀ ਦਲ ਵਿੱਚ ਨਾਰਾਜ਼ ਆਗੂਆਂ ਵੱਲੋਂ ਖੁੱਲ੍ਹ ਕੇ ਬਗਾਵਤ ਦੇ ਆਸਾਰ ਵਧ ਗਏ ਹਨ।

## ਨਕਲੀ ਦਵਾਈਆਂ ਵੇਚਣ ਦੇ ਦੋਸ਼ੀ ਨੂੰ ਸੱਤ ਸਾਲ ਦੀ ਕੈਦ



ਹੁਸ਼ਿਆਰਪੁਰ, 14 ਅਕਤੂਬਰ (ਪੋਸਟ ਬਿਊਰੋ)- ਵਧੀਕ ਜ਼ਿਲ੍ਹਾ ਸੈਸ਼ਨ ਜੱਜ ਹੁਸ਼ਿਆਰਪੁਰ ਰਣਜੀਤ ਕੁਮਾਰ ਜੈਨ ਦੀ ਕੋਰਟ ਨੇ ਬੀਤੇ ਦਿਨ ਨਕਲੀ ਦਵਾਈਆਂ ਨੂੰ ਅਸਲੀ ਕੰਪਨੀਆਂ ਦਾ ਲੇਬਲ ਲਾ ਕੇ ਵੇਚਣ ਦੇ ਮਾਮਲੇ ਵਿੱਚ ਦੋਸ਼ੀ ਪਾਏ ਗਏ ਇੱਕ ਫੈਕਟਰੀ ਮਾਲਕ ਨਰਿੰਦਰ ਮੋਹਨ ਰਾਠੌੜ ਵਾਸੀ ਸੈਕਟਰ ਦੋ ਤਲਵਾੜਾ ਨੂੰ ਸੱਤ ਸਾਲ ਕੈਦ ਅਤੇ ਤਿੰਨ ਲੱਖ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ। ਜੁਰਮਾਨਾ ਨਾ ਦਿੱਤਾ ਤਾਂ ਇੱਕ ਸਾਲ ਹੋਰ ਸੋਜ਼ਾ ਭੁਗਤਣੀ ਪਵੇਗੀ।

ਡਰੱਗ ਇੰਸਪੈਕਟਰ ਪਰਮਿੰਦਰ ਸਿੰਘ ਨੇ ਛੇ ਦਸੰਬਰ 2013 ਨੂੰ ਸਿਵਲ ਹਸਪਤਾਲ ਮੁਕੇਰੀਆਂ ਦੇ ਨੇੜੇ ਐੱਮ ਐੱਸ ਬਤਰਾ ਮੈਡੀਕੋਜ਼ ਨਾਂਅ ਦੀ ਦਵਾਈਆਂ ਦੀ ਦੁਕਾਨ 'ਤੇ ਰੇਡ ਕਰ ਕੇ ਉਥੋਂ ਤਿੰਨ ਦਵਾਈਆਂ ਦੇ ਸੈਂਪਲ ਭਰੇ ਸਨ, ਜੋ ਫੇਲ ਹੋ ਗਏ। ਇਸ ਦੇ ਬਾਅਦ ਉਨ੍ਹਾਂ ਨੇ ਕੇਸ ਅਦਾਲਤ ਵਿੱਚ ਭੇਜਿਆ। ਦੋਸ਼ੀ ਨੇ ਹਿਮਾਚਲ ਦੇ ਟੈਰੇਸ ਨਾਂਅ ਦੇ ਸਥਾਨ 'ਤੇ ਮੈਡੋਕਸ ਲਾਈਫ ਸਾਇੰਸਿਜ਼ ਨਾਂਅ ਦੀ ਦਵਾਈਆਂ ਦੀ ਫੈਕਟਰੀ ਲਗਾਈ ਹੈ। ਦੋਸ਼ੀ ਨੇ ਆਪਣੀ ਫੈਕਟਰੀ ਲੀਜ਼ 'ਤੇ ਦਿੱਤੀ ਹੈ। ਡਰੱਗ ਇੰਸਪੈਕਟਰ ਨੇ ਦੱਸਿਆ ਕਿ ਉਹ ਸਜ਼ਾ ਦੇ ਆਰਡਰ ਹਿਮਾਚਲ ਦੇ ਡਰੱਗ ਕੰਟਰੋਲਰ ਨੂੰ ਭੇਜਣਗੇ ਅਤੇ ਉਹੀ ਇਸ ਬਾਰੇ ਅਗਲੀ ਕਾਰਵਾਈ ਕਰ ਸਕਦੇ ਹਨ। ਡਰੱਗ ਇੰਸਪੈਕਟਰ ਪਰਮਿੰਦਰ ਸਿੰਘ ਨੇ ਦੱਸਿਆ ਕਿ ਸਟੇਟ ਲੈਬੋਰਟਰੀ ਚੰਡੀਗੜ੍ਹ ਤੋਂ ਸੈਂਪਲ ਫੇਲ ਹੋਣ ਦੇ ਬਾਅਦ, ਜਦ ਇਹ ਰਿਪੋਰਟ ਅਦਾਲਤ ਵਿੱਚ ਪੇਸ਼ ਕੀਤੀ ਤਾਂ ਦੋਸ਼ੀ ਨੇ ਇਸ ਨੂੰ ਦੋਬਾਰਾ ਚੈਲੇਂਜ ਕੀਤਾ। ਇਸ ਕਾਰਨ ਇਸ ਨੂੰ ਦੋਬਾਰਾ ਸੈਂਟਰਲ ਡਰੱਗ ਲੈਬੋਰਟਰੀ ਵਿੱਚ ਭੇਜਿਆ ਗਿਆ, ਜਿਸ ਦੇ ਆਧਾਰ ਉੱਤੇ ਸਜ਼ਾ ਹੋਈ ਹੈ।

## ਸ਼੍ਰੋਮਣੀ ਕਮੇਟੀ ਦੇ ਫਾਰਗ ਕੀਤੇ ਮੁਲਾਜ਼ਮ 20 ਤੋਂ ਮਰਨ ਵਰਤ ’ਤੇ ਬੈਠਣਗੇ

ਅੰਮ੍ਰਿਤਸਰ, 14 ਅਕਤੂਬਰ (ਪੋਸਟ ਬਿਊਰੋ)- ਸ਼੍ਰੋਮਣੀ ਕਮੇਟੀ ਵਿੱਚੋਂ ਬੇਨਿਯਮੀ ਦਾ ਬਹਾਨਾ ਬਣਾ ਕੇ ਨੌਕਰੀ ਤੋਂ ਫਾਰਗ ਕੀਤੇ ਗਏ ਮੁਲਾਜ਼ਮਾਂ ਨੇ ਆਰ-ਪਾਰ ਦੀ ਲੜਾਈ ਲਈ ਬਿਗੁਲ ਵਜਾਉਂਦੇ ਹੋਏ 20 ਅਕਤੂਬਰ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਦਫਤਰ ਦੇ ਬਾਹਰ ਮਰਨ ਵਰਤ ’ਤੇ ਬੈਠਣ ਦਾ ਐਲਾਨ ਕਰ ਦਿੱਤਾ ਹੈ।

ਇਸ ਸਬੰਧ ਵਿੱਚ ਤਰਸੇਮ ਸਿੰਘ ਅਤੇ ਹੋਰਨਾਂ ਨੇ ਕਿਹਾ ਕਿ ਫਾਰਗ ਮੁਲਾਜ਼ਮ ਆਪਣੀ ਨੌਕਰੀ ਦੀ ਬਹਾਲੀ ਲਈ ਦੋ ਵਾਰ ਸ਼੍ਰੋਮਣੀ ਕਮੇਟੀ ਦੇ ਮੁੱਖ ਦਫਤਰ ਅੱਗੇ ਧਰਨੇ ਉਤੇ ਬੈਠੇ ਹਨ, ਜਿਨ੍ਹਾਂ ਨੂੰ ਪਹਿਲੀ ਵਾਰ ਸ਼੍ਰੋਮਣੀ ਕਮੇਟੀ ਦੇ ਇਕ ਸਕੱਤਰ ਨੇ ਪ੍ਰਧਾਨ ਨਾਲ ਗੱਲਬਾਤ ਕਰ ਕੇ ਜਲਦੀ ਨੌਕਰੀ ਬਹਾਲ ਕਰਵਾਉਣ ਦਾ ਭਰੋਸਾ ਦਿੱਤਾ ਸੀ ਤੇ ਦੂਜੀ ਵਾਰ ਸਬ-ਕਮੇਟੀ ਬਣਾ ਕੇ ਸਾਨੂੰ ਭਰੋਸੇ ਵਿੱਚ ਲਿਆ ਸੀ। ਇਸ ਸਬ ਕਮੇਟੀ ਦੀ ਪਹਿਲੀ ਮੀਟਿੰਗ ਬੇਸਿੱਟਾ ਰਹੀ ਅਤੇ ਦੂਜੀ ਮੀਟਿੰਗ 13 ਅਕਤੂਬਰ ਨੂੰ ਰੱਖੀ ਗਈ ਸੀ, ਜਿਹੜੀ ਭਰੋਸੇ ਯੋਗ ਸੂਤਰਾਂ ਮੁਤਾਬਕ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ ਨੇ ਇਕ ਤਰ੍ਹਾਂ ਨਾਲ ਰੱਦ ਕਰਵਾ ਦਿੱਤੀ ਸੀ।

ਇਨ੍ਹਾਂ ਸਾਰਿਆਂ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰਾਂ ਨੇ ਪਹਿਲਾਂ ਸਾਨੂੰ ਨੌਕਰੀ ਤੋਂ ਕੱਢ ਕੇ ਧ੍ਰੋਹ ਕੀਤਾ ਤੇ ਫਿਰ ਸਾਨੂੰ ਦੋ ਵਾਰ ਧਰਨੇ ਤੋਂ ਉਠਾ ਕੇ ਸਾਡੇ ਨਾਲ ਧੋਖਾ ਕੀਤਾ, ਇਸ ਲਈ ਅੱਗੇ ਤੋਂ ਅਸੀਂ ਕਿਸੇ ਦੀਆਂ ਝੂਠੀਆਂ ਗੱਲਾਂ ਵਿੱਚ ਆਉਣ ਵਾਲੇ ਨਹੀਂ। ਉਨ੍ਹਾਂ ਕਿਹਾ ਕਿ ਸਾਨੂੰ ਭਰੋਸੇ ਯੋਗ ਸੂਤਰਾਂ ਨੇ ਦੱਸਿਆ ਹੈ ਕਿ ਸ਼੍ਰੋਮਣੀ ਕਮੇਟੀ ਦੇ ਬਾਕੀ ਸਾਰੇ ਅਹੁਦੇਦਾਰ, ਮੈਂਬਰ ਸਾਹਿਬਾਨ ਤੇ ਅਧਿਕਾਰੀ ਫਾਰਗ ਕੀਤੇ ਮੁਲਾਜ਼ਮਾਂ ਨੂੰ ਨੌਕਰੀ ’ਤੇ ਬਹਾਲ ਕਰਨ ਲਈ ਸਹਿਮਤ ਹਨ, ਪਰ ਰਘੂਜੀਤ ਸਿੰਘ ਵਿਰਕ ਇਸ ਦਾ ਸਖਤ ਵਿਰੋਧ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਅਸੀਂ ਵਿਰਕ ਤੋਂ ਪੁੱਛਣਾ ਚਾਹੁੰਦੇ ਹਾਂ ਕਿ ਸਾਡਾ ਕਸੂਰ ਕੀ ਹੈ, ਤੁਸੀਂ ਸਾਡੀ ਨੌਕਰੀ ਖੋਹ ਕੇ ਸਾਨੂੰ ਅਤੇ ਸਾਡੇ ਪਰਿਵਾਰਾਂ ਨੂੰ ਭੁੱਖੇ ਕਿਉਂ ਮਾਰਨਾ ਚਾਹੁੰਦੇ ਹੋ। ਉਨ੍ਹਾਂ ਕਿਹਾ ਕਿ ਸਾਡੇ ਹਾਲਾਤ ਏਨੇ ਬਦਤਰ ਹਨ ਕਿ ਬੱਚਿਆਂ ਦੀ ਫੀਸ ਨਾ ਦੇ ਸਕਣ ਕਾਰਨ ਸਕੂਲ ਵਾਲਿਆਂ ਨੇ ਬੱਚਿਆਂ ਦੀ ਐਂਟਰੀ ਬੰਦ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਇਸ ਵਾਰ ਸੰਘਰਸ਼ ਪਹਿਲਾਂ ਸ਼ਾਂਤਮਈ ਢੰਗ ਨਾਲ ਹੋ ਹੋਵੇਗਾ ਪਰ ਇਸ ਮਰਨ ਵਰਤ ਦੌਰਾਨ ਜੇ ਕਿਸੇ ਵੀ ਫਾਰਗ ਮੁਲਾਜ਼ਮ ਦਾ ਜਾਨੀ ਨੁਕਸਾਨ ਹੋ ਗਿਆ ਤਾਂ ਉਸ ਲਈ ਸ਼੍ਰੋਮਣੀ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਤੇ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ ਸਿੱਧੇ ਤੌਰ ’ਤੇ ਜ਼ਿੰਮੇਵਾਰ ਹੋਣਗੇ।

## ਚੰਨਣਵਾਲ ਦੇ ਐਨ ਆਰ ਆਈਜ਼ ਨੇ ਪਿੰਡ ਵਿੱਚ ਉਹ ਕਰ ਦਿੱਤਾ, ਜਿਹੜਾ ਸੋਚਿਆ ਨਹੀਂ ਸੀ

ਚੰਨਣਵਾਲ (ਬਰਨਾਲਾ), 14 ਅਕਤੂਬਰ (ਪੋਸਟ ਬਿਊਰੋ)- ਬਰਨਾਲਾ ਜ਼ਿਲ੍ਹੇ ਵਿੱਚ ਵਸਦੇ ਪਿੰਡ ਚੰਨਣਵਾਲ ਦੇ ਦਰਜਨਾਂ ਗੱਭਰੂਆਂ ਨੇ ਪਿੰਡ ਦੀ ਜੂਨ ਸੁਧਾਰ ਦਿੱਤੀ ਹੈ। ਵਿਦੇਸ਼ ਤੋਂ ਉਤਸ਼ਾਹ ਤੇ ਪੈਸਾ ਲਿਆ, ਨੌਜਵਾਨਾਂ ਨੇ ਹੋਸ਼ ਨਾਲ ਜੋਸ਼ ਦਿਖਾ ਦਿੱਤਾ। ਇਸ ਪਿੰਡ ਵਿੱਚ ਤਿੰਨ ਗੁਰੂ ਘਰ, ਇੱਕ ਮੰਦਰ ਤੇ ਇੱਕ ਮਸਜਿਦ ਹੈ। ਇਨ੍ਹਾਂ ਦੇ ਸਪੀਕਰਾਂ ਦੇ ਸ਼ੋਰ ਤੋਂ ਸਭਨਾਂ ਨੂੰ ਤਕਲੀਫ ਸੀ, ਪਰ ਕਿਸੇ ਦਾ ਹੀਆ ਨਹੀਂ ਪੈਂਦਾ ਸੀ। ਸੱਤ ਸੌ ਦੇ ਕਰੀਬ ਸਕੂਲੀ ਬੱਚਿਆਂ ਨੂੰ ਪੜ੍ਹਨਾ ਔਖਾ ਸੀ। ਨੌਜਵਾਨਾਂ ਦੀ ਪਿੰਡ ਪੱਧਰ ਦੀ ਬਣੀ ਸਤਿਕਾਰ ਕਮੇਟੀ (ਸਿਆਸਤ ਰਹਿਤ) ਅੱਗੇ ਆਈ। ਸਰਪੰਚ ਤੇ ਪਤਵੰਤਿਆਂ ਨੇ ਮੋਢਾ ਦਿੱਤਾ। ਫਿਰ ਕੀ ਸੀ, ਸਭਨਾਂ ਧਰਮ ਅਸਥਾਨਾਂ ਦੇ ਲਾਊਡ ਸਪੀਕਰ ਬੰਦ ਕਰਵਾ ਦਿੱਤੇ, ਜਿਨ੍ਹਾਂ ਦੀ ਹੱਦ ਤੋਂ ਬਾਹਰ ਆਵਾਜ਼ ਨਹੀਂ ਨਿਕਲਦੀ। ਕਰੀਬ 1400 ਘਰਾਂ ਵਾਲੇ ਚੰਨਣਵਾਲ ਦੇ ਨੌਜਵਾਨਾਂ ਨੇ ਇਸ ਦਾ ਬਦਲ ਪੇਸ਼ ਕੀਤਾ। ਪੂਰੇ ਪਿੰਡ ਦੀ ਫਿਰਨੀ 'ਤੇ 35 ਖੰਭੇ ਲਾ ਕੇ ਸੋਲਰ ਲਾਈਟਾਂ ਲਾ ਦਿੱਤੀਆਂ ਤੇ ਖੰਭਿਆਂ ਉਤੇ ਕਰੀਬ 70 ਛੋਟੇ ਛੋਟੇ ਸਪੀਕਰ ਲਾ ਦਿੱਤੇ। ਇਨ੍ਹਾਂ ਸਭ ਨੂੰ ਗੁਰੂ ਘਰ 'ਚ ਬਣੇ ਕੰਟਰੋਲ ਰੂਮ ਨਾਲ ਜੋੜ ਦਿੱਤਾ। ਸਵੇਰੇ ਸ਼ਾਮ ਸ੍ਰੀ ਦਰਬਾਰ ਸਾਹਿਬ ਤੋਂ ਦੋ ਦੋ ਘੰਟੇ ਲਾਈਵ ਚੱਲਦੀ ਗੁਰਬਾਣੀ ਇਨ੍ਹਾਂ ਛੋਟੇ ਛੋਟੇ ਸਪੀਕਰਾਂ ਤੋਂ ਮੱਧਮ ਆਵਾਜ਼ ਵਿੱਚ ਹਰ ਨਿਆਣੇ ਸਿਆਣੇ ਦੇ ਕੰਨੀਂ ਪੈਂਦੀ ਹੈ। ਮਿਲੀ ਜਾਣਕਾਰੀ ਅਨੁਸਾਰ ਪਹਿਲੋਂ ਪਹਿਲ ਛੋਟੇ ਸਪੀਕਰਾਂ ਦਾ ਵਿਰੋਧ ਹੋਇਆ, ਪਰ ਕਿਧਰੇ ਵੀ ਕੋਈ ਸ਼ੋਰ ਨਹੀਂ ਸੁਣਦਾ। ਪੂਰਾ ਪਿੰਡ ਸਵੇਰ ਸ਼ਾਮ ਸੰਗੀਤਕ ਮਿਠਾਸ ਵਿੱਚ ਘੁਲ ਜਾਂਦਾ ਹੈ। ਕਰੀਬ ਚਾਲੀ ਫੀਸਦੀ ਲੋਕ ਵਿਦੇਸ਼ ਗਏ ਹਨ, ਜਿਨ੍ਹਾਂ ਨੇ ਪਿੰਡ ਦੇ ਦਿਨ ਬਦਲੇ ਹਨ। ਚੰਨਣਵਾਲ ਪੂਰੀ ਤਰ੍ਹਾਂ ਸ਼ੋਰ ਪ੍ਰਦੂਸ਼ਣ ਤੋਂ ਮੁਕਤ ਕਰਨ ਉਤੇ ਕਰੀਬ ਸਾਢੇ ਪੰਜ ਲੱਖ ਰੁਪਏ ਖਰਚਾ ਆਇਆ ਹੈ। 50 ਕੁ ਨੌਜਵਾਨਾ ਨੇ ਹਰ ਕੰਮ ਦੀ ਸ਼ੁਰੂਆਤ ਦਲਿਤ ਵਿਹੜੇ ਤੋਂ ਕੀਤੀ ਹੈ। ਸਤਿਕਾਰ ਕਮੇਟੀ ਵਿੱਚ ਮੁਸਲਿਮ ਤੇ ਹਿੰਦੂ ਨੌਜਵਾਨ ਵੀ ਸ਼ਾਮਲ ਹਨ। ਪਿੰਡ ਦੇ ਗੁਰੂ ਘਰ ਦੀ ਕਮੇਟੀ ਦੇ ਪ੍ਰਧਾਨ ਡਾਕਟਰ ਗੁਰਧੀਰ ਸਿੰਘ ਦਾ ਕਹਿਣਾ ਸੀ ਕਿ ਨੌਜਵਾਨਾਂ ਨੇ ਇਹ ਰਾਹ ਬਣਾ ਕੇ ਵੱਡਾ ਸੁਨੇਹਾ ਦਿੱਤਾ ਹੈ, ਜਿਸ ਤੋਂ ਹਰ ਪਿੰਡ ਸੇਧ ਲਵੇ। ਸਤਿਕਾਰ ਕਮੇਟੀ ਦੱਸਦੀ ਹੈ ਕਿ ਪਾਰਲੀਮੈਂਟ ਮੈਂਬਰ ਭਗਵੰਤ ਮਾਨ ਨੇ 17 ਸੋਲਰ ਲਾਈਟਾਂ ਦਿੱਤੀਆਂ ਅਤੇ 150 ਹੋਰ ਲਾਈਟਾਂ ਦੇਣ ਦਾ ਵਾਅਦਾ ਕੀਤਾ ਹੈ। ਕਰੀਬ ਇੱਕ ਸਾਲ 'ਚ ਇਹ ਪ੍ਰੋਜੈਕਟ ਨੇਪਰੇ ਚੜ੍ਹਿਆ ਹੈ। ਪਹਿਲਾਂ ਇਹ ਨੌਜਵਾਨ ਸਾਲ ਵਿੱਚ ਦੋ ਵਾਰ ਗੁਰਪੁਰਬ ਦੇ ਮੌਕੇ ਪਿੰਡ ਦੀ ਸਫਾਈ ਕਰਦੇ ਸਨ। ਰਾਹ ਦੱਸਦੇ ਬੋਰਡ ਪਿੰਡ ਦੀ ਸ਼ਾਨ ਵਧ ਰਹੇ ਹਨ। ਪੰਚਾਇਤ ਨੇ ਮਤਾ ਪਾਸ ਕਰ ਕੇ ਪਿੰਡ ਵਿੱਚੋਂ ਸ਼ਰਾਬ ਦਾ ਠੇਕਾ ਚੁਕਵਾ ਦਿੱਤਾ ਸੀ।

ਨੌਜਵਾਨ ਮਨਦੀਪ ਸਿੰਘ ਤੇ ਗੁਰਦੀਪ ਸਿੰਘ ਨੇ ਦੱਸਿਆ ਕਿ ਪੰਜ ਹਜ਼ਾਰ ਲੀਟਰ ਪਾਣੀ ਦੀ ਫਾਇਰ ਬ੍ਰਿਗੇਡ ਗੱਡੀ ਬਣਾ ਰਹੇ ਹਾਂ ਤਾਂ ਜੋ ਕਣਕਾਂ ਦੇ ਸੀਜ਼ਨ ਵਿੱਚ ਫਸਲਾਂ ਨੂੰ ਅੱਗ ਲੱਗਣੋਂ ਬਚਾ ਸਕੀਏ। ਵਿਦੇਸੋਂ ਆਏ ਨੌਜਵਾਨ ਖੁਦ ਕੂਚੀ ਫੜ ਕੇ ਸਕੂਲ ਨੂੰ ਰੰਗ ਕਰ ਕੇ ਗਏ ਹਨ। ਨੌਜਵਾਨ ਸਰਪੰਚ ਗੁਰਜੰਟ ਸਿੰਘ ਧਾਲੀਵਾਲ ਦੇ ਮੁਤਾਬਕ ਪਰਵਾਸੀ ਵੀਰਾਂ, ਸਤਿਕਾਰ ਕਮੇਟੀ ਤੇ ਸਮੁੱਚੇ ਲੋਕਾਂ ਨੇ ਪਿੰਡ ਦਾ ਵਿਕਾਸ ਕੀਤਾ ਹੈ। ਸਭ ਤੋਂ ਪਹਿਲਾਂ ਪਿੰਡ ਦੇ ਛੱਪੜ ਉਤੇ ਸਰਕਾਰੀ ਫੰਡਾਂ ਦੇ 97 ਲੱਖ ਖਰਚ ਕੇ ਸੈਰ-ਗਾਹ ਦਾ ਰੂਪ ਦਿੱਤਾ, ਜਿੱਥੇ ਸੰਗੀਤ ਚੱਲਦਾ ਹੈ ਤੇ ਲਾਈਟਾਂ ਵੀ ਹਨ। ਪੂਰਾ ਪਿੰਡ ਸੀ ਸੀ ਟੀ ਵੀ ਕੈਮਰਿਆਂ ਦੀ ਨਜ਼ਰ ਹੇਠ ਹੈ।

ਮੰਨ ਪਸੰਦ ਦੀ Kitchen and Washroom ਬਣਵਾਓ
Pearson Kitchen & Cabinet
Free Estimate
We Specialize in granite, quartz & marble countertops
We Specialize In:
100% Satisfaction On Time
- Kitchen Cabinets, Pantries & Floor tiles
- All Types of Range Hoods (etc.Heavy Duty, Noiseless)
- Installation of Washroom Vanities, Showers and bathroom tiles
- Many Counter-top options to choose from (Granite, Marble, Quartz; etc.)
- Custom Office Counters & Bar Installation
- We install all kinds of tiles and hardwood floor
ਬਹੁਤ ਘੱਟ ਰੇਟ ਤੇ ਸਮੇਂ ਸਿਰ ਕੰਮ
Call Vikramjit Sangha: 416-200-0931
Special Discount for Contractors | Buy Direct From The Factory
271 - Glidden Rd. Unit#5, Brampton (Kennedy&Glidden)

Condo Townhouse for sale.
$559,000
100 Brickyard Way Unit #66, Brampton
ਸਾਫ ਸੁਥਰਾ 3 ਬੈਡਰੂਮ ਅਤੇ 3 ਵਾਸ਼ਰੂਮ ਦਾ ਟਾਊਨ ਹਾਊਸ
A Fantastic 2 Story Town House On A Peaceful Ravine Lot, All Brick, Double Door, 3 Bedrooms, 3 Washrooms. Shining Pot Lights, Kitchen With Granite C-Tops And Backsplash, Very Low Monthly Maintenance Fee For Snow & Garbage Removal, Located In a High Demand Area, Next To Walmart, Schools, Bus Stops, Grocery, Gas Station & All Amenities
KAMAL SANDHU
Sales Representative
647.891.0143
905.488.2100 ext. 407
www.arearealtor.com
realtorkamalsandhu@gmail.com
Century 21 President Realty Inc. Brokerage*
Looking For a Nest..? Call the Best

UPPAL LAW
FREE CONSULTATION !
Avtar Uppal Manager
Aman Uppal Barrister, Solicitor
IMMIGRATION SERVICES :
- Visitor Visa ($200)
- Supervisa ($200)
- Study, Work, Visitor Extension ($125)
- Spousal Applications ($600)
- Family Sponsorship
- Permanent Residence Card Renewal ($65)
- Citizenship Applications ($70)
- All Invitation letters ($35)
OTHER PRACTICES:
- Criminal Law
- Power of Attorney ($60)
- Change of Name ($115)
- Notarization ($15)
- Travel Consent ($20)
- Affidavit ($35)
- Landlord and Tenant Matters ($250)
Prices are subject to Taxes, do not include Government fees and service by appointment only.
Offer valid until 9/30/201
Ph: 905-676-8200 Fax: 905-672-7848
351 Parkhurst Square, Brampton, ON L6T 5H5
2857 Derry Rd E, Mississauga, ON L4T 1A6

JEYA
LOOKING FOR LONG/SHORT HAULS
Hiring Team Drivers & Single drivers
DEDICATED A/Z DRIVERS FOR USA/LOCAL CANADA
- Jeya Transport ਵਾਲਿਆਂ ਨੂੰ US/CANADA ਲਈ A/Z ਡਰਾਈਵਰਾਂ ਦੀ ਲੋੜ
- Texas ਅਤੇ Midwest ਦੇ ਡੈਡੀਕੇਟਡ ਰਨ
- 2016-18 ਦੇ Automatic ਅਤੇ Manual Cascadia ਦੇ ਟਰੱਕ
- ਚੰਗੀ ਜੋਬ ਅਤੇ ਵਧੀਆ ਤਨਖਾਹ, ਵਧੀਆ ਮਾਈਲਜ਼ ਪਿਕਅਪ ਅਤੇ ਡਰਾਪ ਇੱਕੋ ਥਾਂ ਤੇ
- ਸਿੰਗਲ ਡਰਾਇਵਰਾਂ ਨੂੰ 0.60 ਸੈਂਟ ਪਰ ਮਾਇਲ, ਟੀਮ ਡਰਾਇਵਰਾਂ ਨੂੰ 0.66 ਸੈਂਟ
- Looking For dedicated A/Z Drivers For USA/Local Canada
- Every Pick up and Drop off is in the same place
- Good Job, Per Mile 0.60 Cents for single drivers & 0.66 Cents for team drivers
- New Trucks And Trailers 2016-2018
ALSO HIRING OWNER OPERATORS
www.jeyatransport.com
202-2386 Haines Rd., Mississauga ON.
Sakshi: 647-534-5770 | Riki: 647-963-7131
Office: 905-564-8851
Email: ramesh@jeyatransport.com/sakshi@jeyatransport.com

# ਉਡਣ ਸਮੇਂ ਕੰਧ ਨਾਲ ਜਹਾਜ਼ ਟਕਰਾਏ ਦਾ ਵੀ ਪਾਇਲਟ ਨੂੰ ਪਤਾ ਨਹੀਂ ਲੱਗਾ

*** 136 ਮੁਸਾਫਰਾਂ ਦੀ ਜਾਨ ਮਸਾਂ ਬਚੀ**



ਤਿਰੂਚਿਰਾਪੱਲੀ, 14 ਅਕਤੂਬਰ, (ਪੋਸਟ ਬਿਊਰੋ)- ਇਸ ਹਵਾਈ ਅੱਡੇ ਉੱਤੇ ਤੜਕੇ ਪੰਜ ਵਜੇ ਦੁਬਈ ਜਾ ਰਹੀ ਏਅਰ ਇੰਡੀਆ ਐਕਸਪ੍ਰੈਸ ਦੀ ਉਡਾਣ ਦੇ ਮੁਸਾਫ਼ਰ ਓਦੋਂ ਮਸਾਂ ਬਚੇ ਜਦੋਂ ਉਡਾਣ ਭਰਦੇਂ ਜਹਾਜ਼ ਦੇ ਪਹੀਏ ਕੰਧ ਨਾਲ ਟਕਰਾ ਗਏ। ਜਹਾਜ਼ ਵਿੱਚ 136 ਮੁਸਾਫ਼ਰ ਅਤੇ ਅਮਲੇ ਦੇ ਛੇ ਮੈਂਬਰ ਸਵਾਰ ਸਨ। ਕੋਈ ਵੀ ਵਿਅਕਤੀ ਜ਼ਖ਼ਮੀ ਨਹੀਂ ਹੋਇਆ, ਪਰ ਇਸ ਘਟਨਾ 'ਚ ਇੰਸਟਰੂਮੈਂਟ ਲੈਂਡਿੰਗ ਸਿਸਟਮ ਅਤੇ ਜਹਾਜ਼ ਦਾ ਐਂਟੀਨਾ ਨੁਕਸਾਨੇ ਗਏ ਹਨ।

ਹੈਰਾਨੀ ਦੀ ਗੱਲ ਹੈ ਕਿ ਜਹਾਜ਼ ਦੇ ਪਾਇਲਟਾਂ ਨੂੰ ਹਾਦਸੇ ਬਾਰੇ ਪਤਾ ਨਹੀਂ ਲੱਗਾ ਅਤੇ ਉਨ੍ਹਾਂ ਦੁਬਈ ਲਈ ਉਡਾਣ ਜਾਰੀ ਰੱਖੀ। ਤ੍ਰਿਚੀ ਹਵਾਈ ਅੱਡੇ ਦੇ ਅਧਿਕਾਰੀਆਂ ਨੇ ਉਨ੍ਹਾਂ ਨੂੰ ਜਹਾਜ਼ ਦੇ ਕੰਧ ਨਾਲ ਟਕਰਾਉਣ ਦੀ ਜਾਣਕਾਰੀ ਦਿੱਤੀ ਤਾਂ ਜਹਾਜ਼ ਨੂੰ ਸੁਰੱਖਿਆ ਵਜੋਂ ਮੁੰਬਈ ਨੂੰ ਮੋੜ ਦਿੱਤਾ ਗਿਆ। ਇਸ ਬਾਰੇ ਏਅਰ ਇੰਡੀਆ ਐਕਸਪ੍ਰੈਸ ਨੇ ਬਿਆਨ ਜਾਰੀ ਕਰ ਕੇ ਕਿਹਾ ਕਿ ਜਹਾਜ਼ ਦੇ ਪਾਇਲਟਾਂ ਨੂੰ ਜਾਂਚ ਪੂਰੀ ਹੋਣ ਤਕ ਡਿਊਟੀ ਤੋਂ ਲਾਂਭੇ ਕਰ ਦਿੱਤਾ ਗਿਆ ਹੈ। ਤਿਰੂਚਿਰਾਪੱਲੀ ਹਵਾਈ ਅੱਡੇ ਦੇ ਡਾਇਰੈਕਟਰ ਕੇ. ਗੁਨਾਸੇਖਰਨ ਨੇ ਕਿਹਾ ਕਿ ਸੀ ਆਈ ਐਸ ਐਫ ਦੇ ਡਿਊਟੀ ਦੇ ਸੁਰੱਖਿਆ ਮੁਲਾਜ਼ਮਾਂ ਨੇ ਏਅਰ ਟ੍ਰੈਫਿਕ ਕੰਟਰੋਲ ਨੂੰ ਇਸ ਘਟਨਾ ਦੀ ਜਾਣਕਾਰੀ ਦਿੱਤੀ ਸੀ। ਉਡਾਣ ਵਾਪਸ ਆਉਣ ਉੱਤੇ ਮੁੰਬਈ ਤੋਂ ਦੁਬਈ ਲਈ ਨਵੇਂ ਜਹਾਜ਼ ਅਤੇ ਅਮਲੇ ਦਾ ਪ੍ਰਬੰਧ ਕੀਤਾ ਗਿਆ। ਇਸ ਦੀ ਸੂਚਨਾ ਸ਼ਹਿਰੀ ਹਵਾਬਾਜ਼ੀ ਦੇ ਡਾਇਰੈਕਟਰ ਜਨਰਲ ਨੂੰ ਦੇ ਦਿੱਤੀ ਗਈ ਅਤੇ ਏਅਰਲਾਈਨ ਨੇ ਕਿਹਾ ਕਿ ਉਨ੍ਹਾਂ ਵੱਲੋਂ ਜਾਂਚ 'ਚ ਸਹਿਯੋਗ ਕੀਤਾ ਜਾ ਰਿਹਾ ਹੈ। ਹਵਾਬਾਜ਼ੀ ਮੰਤਰੀ ਸੁਰੇਸ਼ ਪ੍ਰਭੂ ਨੇ ਟਵਿਟਰ ਉੱਤੇ ਕਿਹਾ ਕਿ ਏਅਰ ਇੰਡੀਆ ਨੇ ਬੋਰਡ ਦੇ ਡਾਇਰੈਕਟਰ ਦੀ ਅਗਵਾਈ ਹੇਠ ਸਬ ਕਮੇਟੀ ਬਣਾਈ ਹੈ ਜੋ ਸੁਰੱਖਿਆ ਨਾਲ ਸਬੰਧਤ ਸਾਰੇ ਮੁੱਦਿਆਂ ਨੂੰ ਦੇਖੇਗੀ।

## 2.90 ਕਰੋੜ ਯੂਜ਼ਰਸ ਦਾ ਡਾਟਾ ਚੋਰੀ ਹੋ ਗਿਆ

ਨਵੀਂ ਦਿੱਲੀ, 14 ਅਕਤੂਬਰ (ਪੋਸਟ ਬਿਊਰੋ)- ਸੋਸ਼ਲ ਨੈਟਵਰਕਿੰਗ ਸਾਈਟ ਫੇਸਬੁੱਕ ਨੇ ਇਕ ਬਲਾਗ ਪੋਸਟ ਵਿੱਚ ਮੰਨਿਆ ਹੈ ਕਿ ਹੈਕਰਸ ਪਿਛਲੇ ਮਹੀਨੇ ਕਰੀਬ ਤਿੰਨ ਕਰੋੜ ਯੂਜ਼ਰਸ ਦੇ ਅਕਾਊਂਟ ਦੀ ਸੁਰੱਖਿਆ ਨੂੰ ਸੰਨ੍ਹ ਲਾਉਣ ਵਿੱਚ ਕਾਮਯਾਬ ਹੋਏ। ਇਨ੍ਹਾਂ 'ਚੋਂ ਕਰੀਬ ਦੋ ਕਰੋੜ 90 ਲੱਖ ਯੂਜ਼ਰਸ ਦੇ ਫੇਸਬੁੱਕ ਅਕਾਊਂਟ ਤੋਂ ਡਾਟਾ ਚੋਰੀ ਹੋਣ ਦੀ ਵੀ ਗੱਲ ਸਾਹਮਣੇ ਆਈ ਹੈ, ਜਿਸ ਤੋਂ ਹਰ ਕੋਈ ਹੈਰਾਨ ਹੈ। ਵਰਨਣ ਯੋਗ ਹੈ ਕਿ ਪਿਛਲੇ ਮਹੀਨੇ ਕੰਪਨੀ ਨੇ ਦੱਸਿਆ ਸੀ ਕਿ ਹੈਕਰਸ ਨੇ ਪੰਜ ਕਰੋੜ ਯੂਜ਼ਰਸ ਦੇ ਅਕਾਊਂਟ ਨੂੰ ਹੈਕ ਕਰਨ ਦੀ ਕੋਸ਼ਿਸ਼ ਕੀਤੀ ਹੈ, ਜਿਸ ਦੇ ਬਾਅਦ ਇਸ ਤੋਂ ਪ੍ਰਭਾਵਤ ਹੋਏ ਅਕਾਊਂਟਸ ਦੀ ਡੀਟੇਲ ਮੰਗੀ ਗਈ ਸੀ। ਉਸ ਦੇ ਜਵਾਬ ਵਿੱਚ ਕੱਲ੍ਹ ਫੇਸਬੁੱਕ ਦੇ ਵਾਈਸ ਪ੍ਰੈਜ਼ੀਡੈਂਟ ਨੇ ਹੈਕਰਸ ਵੱਲੋਂ ਡਾਟਾ ਚੋਰੀ ਕੀਤੇ ਜਾਣ ਦੀ ਜਾਣਕਾਰੀ ਦਿੱਤੀ ਹੈ। ਰਿਪੋਰਟਸ ਦੇ ਮੁਤਾਬਕ ਕਰੀਬ 1.5 ਕਰੋੜ ਯੂਜ਼ਰਸ ਦੇ ਨਾਮ ਤੇ ਕਾਨਟੈਕਟ ਡੀਟੇਲਸ ਚੋਰੀ ਕੀਤੀ ਗਈ ਹੈ।

# ਭਾਰਤ ਸਰਕਾਰ 'ਮੀ ਟੂ' ਵਾਲੇ ਕੇਸਾਂ ਦੀ ਜਾਂਚ ਕਰਨ ਲਈ ਕਮੇਟੀ ਬਣਾਵੇਗੀ



ਨਵੀਂ ਦਿੱਲੀ, 14 ਅਕਤੂਬਰ, (ਪੋਸਟ ਬਿਊਰੋ)- ਇਸ ਵਕਤ ਸੰਸਾਰ ਭਰ ਵਿੱਚ ਛਾਈ ਹੋਈ 'ਮੀ ਟੂ' ਦੀ ਮੁਹਿੰਮ ਹੇਠ ਔਰਤਾਂ ਵੱਲੋਂ ਸੈਕਸ ਸ਼ੋਸ਼ਣ ਦੇ ਖ਼ੁਲਾਸਿਆਂ ਨੂੰ ਦੇਖਦੇ ਹੋਏ ਭਾਰਤ ਦੇ ਮਹਿਲਾ ਅਤੇ ਬਾਲ ਵਿਕਾਸ ਮੰਤਰਾਲੇ ਨੇ ਕਾਨੂੰਨੀ ਮਾਹਿਰਾਂ ਦੀ ਕਮੇਟੀ ਬਣਾਉਣ ਦਾ ਐਲਾਨ ਕੀਤਾ ਹੈ। ਕੇਂਦਰ ਸਰਕਾਰ ਸੇਵਾਮੁਕਤ ਜੱਜਾਂ ਉੱਤੇ ਆਧਾਰਿਤ ਚਾਰ ਮੈਂਬਰੀ ਕਮੇਟੀ ਬਣਾਵੇਗੀ, ਜੋ ਔਰਤਾਂ ਦੇ ਸੈਕਸ ਸ਼ੋਸ਼ਣ ਦੇ ਕੇਸਾਂ ਦੀ ਜਨਤਕ ਸੁਣਵਾਈ ਕਰੇਗੀ। ਇਸ ਦੌਰਾਨ ਕੇਂਦਰੀ ਵਿਦੇਸ਼ ਰਾਜ ਮੰਤਰੀ ਐਮ ਜੇ ਅਕਬਰ ਨੂੰ ਹਟਾਉਣ ਦੀ ਮੰਗ ਹੋਰ ਤੇਜ਼ ਹੋ ਗਈ ਹੈ। ਦਿੱਲੀ ਮਹਿਲਾ ਕਮਿਸ਼ਨ ਦੀ ਮੁਖੀ ਸਵਾਤੀ ਮਾਲੀਵਾਲ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖ ਕੇ ਅਕਬਰ ਨੂੰ ਹਟਾਉਣ ਦੀ ਮੰਗ ਕੀਤੀ ਹੈ ਅਤੇ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਵੀ ਅਕਬਰ ਨੂੰ ਮੰਤਰੀ ਮੰਡਲ ਵਿੱਚੋਂ ਲਾਂਭੇ ਕਰਨ ਲਈ ਕਿਹਾ ਹੈ। ਦੂਸਰੇ ਪਾਸੇ ਕੇਂਦਰੀ ਮੰਤਰੀ ਮੇਨਕਾ ਗਾਂਧੀ ਨੇ ਕਿਹਾ ਕਿ ਉਨ੍ਹਾਂ ਦੇ ਮੰਤਰਾਲਾ ਚਾਰ ਮੈਂਬਰੀ ਕਮੇਟੀ ਬਣਾਉਣ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਉਹ ਹਰ ਸ਼ਿਕਾਇਤ ਕਰਤਾ ਦੇ ਦਰਦ ਅਤੇ ਸਦਮੇ 'ਤੇ ਵਿਸ਼ਵਾਸ ਕਰਦੇ ਹਨ। ਮੇਨਕਾ ਗਾਂਧੀ ਨੇ ਕਿਹਾ ਕਿ ਸੈਕਸ ਸ਼ੋਸ਼ਣ ਦੇ ਮੁੱਦੇ ਨੂੰ ਸੁਲਝਾਉਣ ਲਈ ਵੱਧ ਤੋਂ ਵੱਧ ਔਰਤਾਂ ਨੂੰ ਖੁੱਲ੍ਹ ਕੇ ਆਪਣੇ 'ਤੇ ਬੀਤੇ ਦੁਖਦਾਈ ਪਲਾਂ ਨੂੰ ਸਾਂਝਾ ਕਰਨਾ ਚਾਹੀਦਾ ਹੈ। ਆਪਣੇ ਮੰਤਰੀ ਸਾਥੀ ਐਮ ਜੇ ਅਕਬਰ ਉੱਤੇ ਲੱਗੇ ਦੋਸ਼ਾਂ ਬਾਰੇ ਕੋਈ ਟਿੱਪਣੀ ਕਰਨ ਤੋਂ ਉਨ੍ਹਾਂ ਨੇ ਕੰਨੀ ਕਤਰਾ ਲਈ। ਮਹਿਲਾ ਅਤੇ ਬਾਲ ਵਿਕਾਸ ਮੰਤਰੀ ਨੇ ਖ਼ਬਰ ਏਜੰਸੀ ਨਾਲ ਇੰਟਰਵਿਊ 'ਚ ਕਿਹਾ, 'ਮੈਂ ਸੀਨੀਅਰ ਜੁਡੀਸ਼ਲ ਅਤੇ ਕਾਨੂੰਨੀ ਮਾਹਿਰਾਂ ਉੱਤੇ ਆਧਾਰਿਤ ਕਮੇਟੀ ਬਣਾਉਣ ਦੀ ਤਜਵੀਜ਼ ਰੱਖੀ ਹੈ, ਜਿਹੜੀ 'ਮੀ ਟੂ' ਮੁਹਿੰਮ ਦੇ ਸਾਰੇ ਮਸਲਿਆਂ ਨੂੰ ਪਰਖੇਗੀ।' ਉਨ੍ਹਾਂ ਕਿਹਾ ਕਿ ਕਮੇਟੀ ਰੂਪਰੇਖਾ ਬਣਾਵੇਗੀ ਤੇ ਮੰਤਰਾਲੇ ਨੂੰ ਸ਼ਿਕਾਇਤਾਂ ਨਾਲ ਨਜਿੱਠਣ ਦੇ ਸੁਝਾਅ ਦੇਵੇਗੀ। ਮੇਨਕਾ ਗਾਂਧੀ ਨੇ ਕਿਹਾ ਕਿ ਇਹ ਕੇਸ ਪਿਛਲੇ 25 ਸਾਲਾਂ ਤੋਂ ਦੱਬੇ ਪਏ ਸਨ। ਔਰਤਾਂ ਨੂੰ ਲੰਬੇ ਸਮੇਂ ਤਕ ਮੁਸ਼ਕਲ ਝੱਲਣੀ ਪਈ ਤੇ ਉਹ ਖਾਮੋਸ਼ ਰਹੀਆਂ।

ਇਸ ਦੌਰਾਨ ਦਿੱਲੀ ਮਹਿਲਾ ਕਮਿਸ਼ਨ ਦੀ ਮੁਖੀ ਸਵਾਤੀ ਮਾਲੀਵਾਲ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖ ਕੇ ਕੇਂਦਰੀ ਮੰਤਰੀ ਅਤੇ ਸਾਬਕਾ ਪੱਤਰਕਾਰ ਐਮ ਜੇ ਅਕਬਰ ਨੂੰ ਅਹੁਦੇ ਤੋਂ ਹਟਾਉਣ ਦੀ ਬੇਨਤੀ ਕੀਤੀ ਹੈ। ਉਨ੍ਹਾਂ ਆਪਣੇ ਬਿਆਨ 'ਚ ਕਿਹਾ ਕਿ ਕੇਂਦਰੀ ਮੰਤਰੀ ਉੱਤੇ ਸੱਤ ਵੱਖ ਵੱਖ ਮਹਿਲਾਵਾਂ ਨੇ ਜਿਨਸੀ ਸ਼ੋਸ਼ਣ ਦੇ ਗੰਭੀਰ ਦੋਸ਼ ਲਾਏ ਹਨ। ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ 'ਮੀ ਟੂ' ਮੁਹਿੰਮ ਦੀ ਹਮਾਇਤ ਕਰਦਿਆਂ ਕਿਹਾ ਕਿ ਸੱਚ ਨੂੰ ਸਾਹ-ਮਣੇ ਲਿਆਉਣ ਦਾ ਇਹ ਢੁਕਵਾਂ ਵੇਲਾ ਹੈ, ਪਰ ਉਨ੍ਹਾਂ ਐਮ ਜੇ ਅਕਬਰ ਖ਼ਿਲਾਫ਼ ਲੱਗੇ ਦੋਸ਼ਾਂ 'ਤੇ ਕੋਈ ਟਿੱਪਣੀ ਨਹੀਂ ਕੀਤੀ। ਟਵਿਟਰ 'ਤੇ ਰਾਹੁਲ ਗਾਂਧੀ ਨੇ ਕਿਹਾ ਕਿ ਸਭ ਨੂੰ ਔਰਤਾਂ ਦੇ ਸਤਿਕਾਰ ਅਤੇ ਉਨ੍ਹਾਂ ਦੀ ਮਰਿਆਦਾ ਬਹਾਲ ਰੱਖਣਾ ਆਉਣਾ ਚਾਹੀਦਾ ਹੈ। ਕਾਂਗਰਸ ਦੇ ਬੁਲਾਰੇ ਸ਼ਕਤੀ ਸਿੰਘ ਗੋਹਿਲ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਆਪਣੇ ਮੰਤਰੀ ਦੇ ਖ਼ਿਲਾਫ਼ ਲੱਗੇ ਗੰਭੀਰ ਦੋਸ਼ਾਂ ਬਾਰੇ ਖਾਮੋਸ਼ ਹਨ। ਉਨ੍ਹਾਂ ਕਿਹਾ, 'ਮੋਦੀ ਜੀ ਅਤੇ ਨੈਤਿਕਤਾ ਉਲਟ ਦਿਸ਼ਾਵਾਂ ਵਿੱਚ ਚਲਦੇ ਹਨ।'

## ਬੜੌਦਾ ਦੀ ਮਹਾਰਾਣੀ ਨੇ ਕੋਹੇਨੂਰ ਤੋਂ ਵੱਡਾ ਹੀਰਾ ਖਰੀਦ ਕਰਨ ਦੀ ਕਹਾਣੀ ਦੱਸੀ



ਬੜੌਦਾ, 14 ਅਕਤੂਬਰ (ਪੋਸਟ ਬਿਊਰੋ)- ਬੜੌਦਾ ਰਾਜ ਘਰਾਣੇ ਦੀ ਮਹਾਰਾਣੀ ਰਾਧਿਕਾ ਰਾਜੇ ਗਾਇਕਵਾੜ ਅੱਜ ਕੱਲ੍ਹ ਆਪਣੇ ਪਰਵਾਰ ਦੀ ਪਰੰਪਰਾ ਤੋਂ ਲੋਕਾਂ ਨੂੰ ਜਾਣੂੰ ਕਰਾਉਣ ਲਈ ਲਗਾਤਾਰ ਕੰਮ ਕਰ ਰਹੀ ਹੈ। ਉਨ੍ਹਾਂ ਨੇ ਦਿੱਲੀ ਵਿੱਚ ਹੋਏ ਰਾਬ ਰਿਪੋਰਟ ਲਿਮਟਿਡ-2018 ਪ੍ਰੋਗਰਾਮ ਵਿੱਚ 'ਦ ਗਾਇਕਵਾੜਾ ਜਵੈਲਸ 300 ਈਅਰਸ ਆਫ ਟ੍ਰੈਡੀਸ਼ਨ' ਸੈਸ਼ਨ ਵਿੱਚ ਰਾਜ ਘਰਾਣੇ ਦੀਆਂ ਪ੍ਰੰਪਰਾਵਾਂ ਅਤੇ ਵਿਰਾਸਤ ਦੇ ਬਾਰੇ ਗੱਲ ਕੀਤੀ।

ਵਰਨਣ ਯੋਗ ਹੈ ਕਿ ਰਾਧਿਕਾ ਰਾਜੇ ਬੜੌਦਾ ਰਾਜ ਘਰਾਣੇ ਦੇ ਮਹਾਰਾਜਾ ਸਮਰਜੀਤ ਸਿੰਘਾਰਾਓ ਗਾਇਕਵਾੜ ਦੀ ਪਤਨੀ ਹੈ। ਪ੍ਰੋਗਰਾਮ ਦੌਰਾਨ ਉਨ੍ਹਾਂ ਨੇ ਗਾਇਕਵਾੜ ਵੰਸ਼ ਦੇ ਇਤਿਹਾਸ ਬਾਰੇ ਵੀ ਗੱਲਬਾਤ ਕੀਤੀ ਤੇ ਦੱਸਿਆ ਕਿ ਰਾਜਾ-ਮਹਾਰਾਜਾ ਹਮੇਸ਼ਾ ਤੋਂ ਖ਼ੂਬਸੂਰਤ ਚੀਜ਼ਾਂ ਪ੍ਰਤੀ ਆਕਰਸ਼ਿਤ ਰਹੇ ਹਨ। ਆਪਣੀ ਵਿਰਾਸਤ ਦੇ ਬਾਰੇ ਗੱਲਬਾਤ ਕਰਦੇ ਹੋਏ ਮਹਾਰਾਣੀ ਨੇ ਕਿਹਾ, '1721 ਦਾ ਸਾਲ ਸੀ, ਜਦ ਮਰਾਠਾ ਆਰਮੀ ਦੇ ਦਮਾਜੀਰਾਓ ਗਾਇਕਵਾੜ ਉਤੇ ਸਾਹੂ ਮਹਾਰਾਜ ਦਾ ਧਿਆਨ ਗਿਆ। ਉਨ੍ਹਾਂ ਨੂੰ ਸ਼ਮਸ਼ੇਰ ਦੀ ਉਪਾਧੀ ਮਿਲੀ। ਉਨ੍ਹਾਂ ਦੇ ਭਤੀਜੇ ਪਿਲਾਜੀਰਾਓ ਗਾਇਕਵਾੜ ਨੇ ਵੀ ਯੁੱਧ ਅਤੇ ਕੂਟਨੀਤੀ ਨਾਲ ਆਪਣਾ ਖੇਤਰ ਵਧਾਇਆ। ਦਮਾਜੀਰਾਓ ਨੇ ਮੁਗਲਾਂ ਨੂੰ ਹਰਾਇਆ ਤੇ ਬੜੌਦਾ ਵੀ ਜਿੱਤ ਲਿਆ। ਇਸ ਦੇ ਬਾਅਦ ਉਹ ਕਦੇ ਮਹਾਰਾਸ਼ਟਰ ਨਹੀਂ ਆਏ ਅਤੇ ਗੁਜਰਾਤ ਨੂੰ ਹੀ ਆਪਣਾ ਟਿਕਾਣਾ ਬਣਾ ਲਿਆ।' ਮਹਰਾਣੀ ਨੇ ਦੱਸਿਆ ਕਿ ਇਸ ਦੇ ਬਾਅਦ ਜਵੈਲਰਸ, ਬੁਨਕਰ ਗਾਇਕਵਾੜ ਦੀ ਸ਼ਰਨ ਆ ਗਏ ਸਨ। 19ਵੀਂ ਸਦੀ ਵਿੱਚ ਹੀ ਗਾਇਕਵਾੜ ਇੰਟਰਨੈਸ਼ਨਲ ਜਵੈਲਰਸ ਡੀਲਰਸ ਬਣ ਗਏ। 1867 ਵਿੱਚ ਗਾਇਕਵਾੜ ਰਾਜ ਨੇ ਇੱਕ ਅਜਿਹਾ ਹੀਰਾ ਖਰੀਦਿਆ, ਜੋ ਕੋਹੇਨੂਰ ਤੋਂ ਵੱਡਾ ਸੀ। ਮਹਾਰਾਣੀ ਨੇ ਦੱਸਿਆ ਕਿ ਇਹ ਹੀਰਾ ਇੱਕ ਬਲੈਕ ਮਹਿਲਾ ਨੂੰ ਬਰਾਜੀਲ ਵਿੱਚ ਲੱਭਿਆ ਸੀ।

# ਦਲਾਲਾਂ ਨੇ ਡੇਢ ਕਰੋੜ ਰੁਪਏ ਤੋਂ ਵੱਧ ਦੇ ਰੇਲਵੇ ਈ-ਟਿਕਟ ਵੇਚ ਛੱਡੇ, ਦੋ ਜਣੇ ਕਾਬੂ



ਪੂਰਬੀ ਦਿੱਲੀ, 14 ਅਕਤੂਬਰ (ਪੋਸਟ ਬਿਊਰੋ)- ਤਿਉਹਾਰਾਂ ਦੇ ਸੀਜ਼ਨ ਦੌਰਾਨ ਟਰੇਨਾਂ ਵਿੱਚ ਟਿਕਟ ਦੇ ਲਈ ਕਾਫੀ ਮੁਸ਼ਕਲ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਮੌਕੇ ਲੋਕ ਵੱਧ ਕੀਮਤ 'ਤੇ ਵੀ ਟਿਕਟ ਖਰੀਦਣ ਨੂੰ ਤਿਆਰ ਹੋ ਜਾਂਦੇ ਹਨ। ਇਸ ਦਾ ਫਾਇਦਾ ਲੈਣ ਲਈ ਦਲਾਲ ਸਰਗਰਮ ਹਨ, ਜਿਨ੍ਹਾਂ ਵਿੱਚੋਂ ਦੋ ਦਲਾਲਾਂ ਨੂੰ ਦਿੱਲੀ ਦੇ ਸ਼ਾਹਦਰਾ ਤੇ ਆਨੰਦ ਵਿਹਾਰ ਰੇਲਵੇ ਸਟੇਸ਼ਨ ਉੱਤੇ ਆਰ ਪੀ ਐੱਫ ਨੇ ਆਈ ਆਰ ਸੀ ਟੀ ਸੀ (ਭਾਰਤੀ ਰੇਲਵੇ ਖਾਣ-ਪਾਣ ਅਤੇ ਸੈਰ ਸਪਾਟਾ ਨਿਗਮ) ਨਾਲ ਮਿਲ ਕੇ ਫੜਿਆ ਹੈ। ਇਹ ਦਲਾਲ ਕਰੀਬ ਅੱਠ ਕਰੋੜ ਸੱਠ ਲੱਖ ਰੁਪਏ ਦੀਆਂ ਈ-ਟਿਕਟਾਂ ਬੁੱਕ ਕਰ ਚੁੱਕੇ ਸਨ। ਦੋਸ਼ੀਆਂ ਦੀ ਪਛਾਣ ਚਕੀਆ, ਮੁਜ਼ੱਫਰਪੁਰ (ਬਿਹਾਰ) ਵਾਸੀ ਨਮਨ ਕੁਮਾਰ ਕਨੌਡੀਆ (24) ਅਤੇ ਸ਼ਕਰਪੁਰ, ਦਿੱਲੀ ਦੇ ਸੋਨੂੰ (22) ਦੇ ਰੂਪ ਵਿੱਚ ਹੋਈ ਹੈ। ਦੋਵਾਂ ਦੇ ਲੈਪਟਾਪ ਅਤੇ ਮੋਬਾਈਲ ਜ਼ਬਤ ਕਰ ਲਏ ਗਏ ਹਨ।

ਇਸ ਕੇਸ ਦੀ ਜਾਂਚ ਵਿੱਚ ਪਤਾ ਲੱਗਾ ਹੈ ਕਿ ਟਿਕਟ ਦੇ ਲਈ ਨਮਨ ਕੁਮਾਰ ਕਨੌਡੀਆ ਆਈ ਆਰ ਸੀ ਟੀ ਸੀ ਦੇ 63 ਅਤੇ ਸੋਨੂੰ 65 ਅਕਾਊਂਟ (ਯੂਜ਼ਰ ਆਈ ਡੀ) ਦੀ ਵਰਤੋਂ ਕਰਦੇ ਸਨ। ਇਨ੍ਹਾਂ ਸਾਰੇ 128 ਅਕਾਊਂਟਸ ਨੂੰ ਬੰਦ ਕਰ ਦਿੱਤਾ ਗਿਆ ਹੈ। ਕੱਲ੍ਹ ਸ਼ਾਮ ਸੂਚਨਾ ਮਿਲੀ ਸੀ ਕਿ ਸੀਲਮਪੁਰ ਮੈਟਰੋ ਸਟੇਸ਼ਨ 'ਤੇ ਨਮਨ ਕੁਮਾਰ ਗ੍ਰਾਹਕਾਂ ਨੂੰ ਟਿਕਟ ਦੇਣ ਲਈ ਆ ਰਿਹਾ ਹੈ। ਇਸ ਉਤੇ ਆਰ ਪੀ ਐੱਫ ਨੇ ਦੋਸ਼ੀ ਨੂੰ ਕਾਬੂ ਕਰ ਲਿਆ। ਪੁੱਛਗਿੱਛ ਵਿੱਚ ਪਤਾ ਲੱਗਾ ਕਿ ਉਹ ਵੈਭਵ ਖੰਡ, ਇੰਦਰਾਪੁਰਮ, ਗਾਜ਼ੀਆਬਾਦ ਵਿੱਚ ਰਹਿੰਦਾ ਹੈ। ਟੀਮ ਨੇ ਉਸ ਦੇ ਘਰੋਂ 15 ਅਕਤੂਬਰ ਤੋਂ ਨਵੰਬਰ ਵਿਚਾਲੇ ਹੋਣ ਵਾਲੀ ਯਾਤਰਾ ਦੇ ਦੋ ਲੱਖ 65 ਹਜ਼ਾਰ ਰੁਪਏ ਮੁੱਲ ਦੇ 66 ਈ-ਟਿਕਟ ਬਰਾਮਦ ਕੀਤੇ ਹਨ।

# ਜ਼ਾਕਿਰ ਮੂਸਾ ਦਾ ਸੱਜਾ ਹੱਥ ਮੰਨਿਆ ਜਾਂਦਾ ਅੱਤਵਾਦੀ ਮਾਰਿਆ



ਸ੍ਰੀਨਗਰ, 14 ਅਕਤੂਬਰ (ਪੋਸਟ ਬਿਊਰੋ)- ਕਸ਼ਮੀਰ ਵਿੱਚ ਅਲ ਕਾਇਦਾ ਦੀ ਪਛਾਣ ਸਮਝੇ ਜਾਂਦੇ ਜ਼ਾਕਿਰ ਮੂਸਾ ਨੂੰ ਕੱਲ੍ਹ ਸੁਰੱਖਿਆ ਦਸਤਿਆਂ ਦੀ ਕਾਰਵਾਈ ਨਾਲ ਵੱਡਾ ਝਟਕਾ ਲੱਗਾ ਹੈ। ਉਸ ਦਾ ਸੱਜਾ ਹੱਥ ਕਹੇ ਜਾਂਦੇ ਅੱਤਵਾਦੀ ਸ਼ਬੀਰ ਅਹਿਮਦ ਡਾਰ ਉਰਫ ਸ਼ਬੀਰ ਮਾਲੀ ਨੂੰ ਬਾਬਗੁੰਡ, ਪੁਲਵਾਮਾ ਵਿੱਚ ਮਾਰ ਦਿੱਤਾ ਗਿਆ ਹੈ। ਇਸ ਦੌਰਾਨ ਮੁਕਾਬਲੇ ਵਿੱਚ ਜ਼ਖਮੀ ਹੋਣ ਦੇ ਬਾਵਜੂਦ ਬਚ ਨਿਕਲਿਆ ਅੱਤਵਾਦੀ ਸ਼ੌਕਤ ਬਾਅਦ ਵਿੱਚ ਹਸਪਤਾਲ ਵਿੱਚ ਦਮ ਤੋੜ ਗਿਆ, ਪਰ ਇੱਕ ਹੋਰ ਅੱਤਵਾਦੀ ਜਹੂਰ ਠੋਕਰ ਭੱਜਣ ਵਿੱਚ ਕਾਮਯਾਬ ਰਿਹਾ।

ਪਤਾ ਲੱਗਾ ਹੈ ਕਿ ਸ਼ੁੱਕਰਵਾਰ ਅੱਧੀ ਰਾਤ ਵੇਲੇ 55-ਆਰ ਆਰ (ਰਾਸ਼ਟਰੀ ਰਾਈਫਲਜ਼) ਦਾ ਇੱਕ ਪੈਟਰੋਲ ਟੀ ਆਪਣੇ ਕੈਸਪਰ ਵਾਹਨ ਉਤੇ ਬਾਗੁੰਡ, ਪੁਲਵਾਮਾ ਤੋਂ ਲੰਘ ਰਹੀ ਸੀ। ਪਿੰਡ ਦੇ ਬਾਹਰੀ ਹਿੱਸੇ ਤੋਂ ਲੰਘਦੇ ਜਵਾਨਾਂ 'ਤੇ ਉਥੇ ਲੁਕੇ ਅੱਤਵਾਦੀਆਂ ਨੇ ਆਪਣੇ ਆਧੁਨਿਕ ਹਥਿਆਰਾਂ ਨਾਲ ਫਾਇਰਿੰਗ ਕਰ ਦਿੱਤੀ।

ਜਵਾਨਾਂ ਨੇ ਪੁਜੀਸ਼ਨ ਲੈ ਕੇ ਜਵਾਬੀ ਫਾਇਰ ਕਰ ਕੇ ਇਲਾਕੇ ਦੀ ਘੇਰਾਬੰਦੀ ਕਰ ਲਈ। ਇਸ ਪਿੱਛੋਂ ਤੜਕੇ ਤੱਕ ਦੋਵਾਂ ਪਾਸਿਓਂ ਗੋਲੀ ਚੱਲਦੀ ਰਹੀ।

PLATINUM MORTGAGES
FOR ALL MORTGAGE NEEDS
QUICK MORTGAGE ARRANGEMENT
2ND MORTGAGE
- NO CREDIT CHECK
- NO APPLICATION FEE
- NO JOB INCOME VERIFICATION
- NO PROBLEM
1ST MORTGAGE Starting from 2.59 % OAC
SPECIAL RATES FOR REFINANCING
Professional & Quality Service Guaranteed
Kanwaljit S. Dhunna
Mortgage broker
416.301.1976
Email: kdhunna62@gmail.com
- 1st & 2nd Mortgages
- Refinancing & Renewal
- Line of Credit
- Debt Consolidation
- Self Employed
- Truck Loan
- Equipment Leasing
- Bad Credit
5 CHERRYCREST DR. #206 BRAMPTON L6P 3W4

Honesty, Reliability, Commitment
HOMELIFE SILVERCITY
"Open House Until Sold"
Hira Randhawa
Broker
○ 1 yr Home Warranty ○ Appliances & Furniture
○ 40% Discount on Brand Name ○ Free Evaluation & Lowest Commission
www.hirarandhawa.com | hirarandhawa@yahoo.ca
For all your Real Estate needs: 416.319.0551 or 905.913.8585
$299,900 — Hwy 20 & Stanley St. — Front And Back Duplex Near Center St. And Clifton Hill. Brand New Roof 2016. Main House Has 2 Bdrms, Finished Attic Space And Full Unfinished Bsmnt With Sep. Ent. Covered Front Porch. Current Tenant Pays $750 Inclusive.
$619,000 — Wanless & Mclaughlin — Just One And Half Year New, 3 Bedroom Semi-Detached Home In Great Location With Double Door Entry. Modern Kitchen With SS Appliances, Family Room With W/O Balcony, Upgraded Bathroom Cabinets. Close To All Amenities
$639,000 — Hwy 10/ Sandalwood — A Detach Family Home Located In Desirable Neighbourhood Of Loafer Lake. This Home Offers 4 Generous Size Bedrooms,3 Washrooms, Finished Bsmnt With 2 More Bedroom, Hardwood Floors, Close To All Amenities.
$699,900 — Chinguacousy/Queen — Magnificent Beauty Has Plenty To Offer Located In A Very Demanding Area. Double Door Main Entry, Separate Living Room, Separate Family Room, Beautiful Kitchen And Bedroom With 9' Feet Ceiling, Master Br Has 5Pc...

Supervisa, Travel Insurance
Call: 416.319.0551

HOMELIFE SILVERCITY
Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

◆ Insurance ◆
Punjab Insurance Inc
- Super Visa Insurance
- Life Insurance
- Disability Insurance
- Critical illness Insurance
- Mortgage Insurance
- RRSP (Retirement Plan)
- RESP (Education Plan)
- Visitor Insurance
- Health and Dental Plans..
- Travel Insurance
- Segregated Funds, TFSA
Harpinder Kaur
Insurance Advisor
416.452.7373
harpinderkaur@punjabinsurance.ca
www.punjabinsurance.ca

DUCT CLEANING
A breath of Clean air
Residential & Commercial Air duct cleaning and dryer vent cleaning
Free Sanitizer
BEFORE AFTER
66 ਹੋਰਸ ਪਾਵਰ ਦੇ ਇੰਜਨ ਦੇ ਵੈਕਯੂਮ ਨਾਲ ਤਸਲੀ ਬਖ਼ਸ਼ ਕੰਮ ਦੀ ਗਾਰੰਟੀ
For Professional Duct Cleaning Services
Call Air Frais Duct Cleaning at:
905-867-9000

A/Z Drivers Needed/ਡਰਾਈਵਰਾਂ ਦੀ ਲੋੜ
➡ Team Drivers Needed Immediately
➡ Dedicated AutoPart Runs To Texas, Missouri, Kansas
➡ Permanent Schedule for whole year
➡ Always Go to same Shippers No Waiting at All
➡ Highest Pay Rate Package Plus HST
➡ New Model Volvo Trucks
➡ Paid Every Week On Friday
➡ 20,000 to 24,00 Miles in a Month
➡ Always Home At Weekends
➡ Can Work From Brampton, Woodstock or London
- Autoparts ਦੇ ਡੇਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week
"ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ"
New Drivers Are Also Welcome, We Give Paid Training With Full Time Job
For Further Information Contact: 6476253344

## ਭਾਰਤ ਸਣੇ ਗੈਰ-ਯੂਰਪੀ ਦੇਸ਼ਾਂ ਲਈ ਬ੍ਰਿਟਿਸ਼ ਵੀਜ਼ਾ ਮਹਿੰਗਾ ਕੀਤਾ ਜਾਣ ਲੱਗਾ



ਲੰਡਨ, 14 ਅਕਤੂਬਰ (ਪੋਸਟ ਬਿਊਰੋ)- ਬ੍ਰਿਟੇਨ ਸਰਕਾਰ ਇਸ ਦਸੰਬਰ ਤੋਂ ਇਮੀਗਰੇਸ਼ਨ ਹੈਲਥ ਸਰਚਾਰਜ (ਆਈ ਐੱਚ ਐੱਸ) ਦੁੱਗਣਾ ਕਰਨ ਲੱਗੀ ਹੈ। ਇਸ ਨਾਲ ਭਾਰਤ ਸਮੇਤ ਗੈਰ-ਯੂਰਪੀ ਦੇਸ਼ਾਂ ਦੇ ਨਾਗਰਿਕਾਂ, ਵਿਦਿਆਰਥੀਆਂ, ਪੇਸ਼ੇਵਰਾਂ ਅਤੇ ਪਰਵਾਰਕ ਮੈਂਬਰਾਂ ਲਈ ਵੀਜ਼ਾ ਫੀਸ ਵਿੱਚ ਵਾਧਾ ਹੋ ਜਾਵੇਗਾ।

ਆਈ ਐੱਚ ਐੱਸ ਸਕੀਮ ਦੀ ਸ਼ੁਰੂਆਤ ਅਪ੍ਰੈਲ 2015 ਵਿੱਚ ਹੋਈ ਸੀ। ਨਵੀਆਂ ਦਰਾਂ ਲਾਗੂ ਹੋਣ ਪਿੱਛੋਂ ਆਈ ਐੱਚ ਐੱਸ 200 ਪੌਂਡ ਪ੍ਰਤੀ ਸਾਲ ਹੋ ਜਾਵੇਗਾ। ਇਸ ਦੇ ਨਾਲ ਸਰਕਾਰ ਨੂੰ ਆਪਣੀ ਕੌਮੀ ਸਿਹਤ ਸਕੀਮ (ਐੱਨ ਐੱਚ ਐੱਸ) ਲਈ 22 ਕਰੋੜ ਪੌਂਡ ਵਾਧੂ ਇਕੱਠੇ ਹੋਣ ਦੀ ਆਸ ਹੈ। ਇਹ ਸਰਚਾਰਜ ਦੇਣ ਨਾਲ ਛੇ ਮਹੀਨੇ ਜਾਂ ਇਸ ਤੋਂ ਵੱਧ ਸਮੇਂ ਲਈ ਬ੍ਰਿਟੇਨ ਜਾਣ ਵਾਲਿਆਂ ਨੂੰ ਬ੍ਰਿਟਿਸ਼ ਨਾਗਰਿਕਾਂ ਵਾਂਗ ਕੌਮੀ ਸਿਹਤ ਸੇਵਾਵਾਂ ਦੀ ਸਹੂਲਤ ਲੈਣ ਦੀ ਖੁੱਲ੍ਹ ਮਿਲ ਜਾਂਦੀ ਹੈ। ਬ੍ਰਿਟੇਨ ਦੀ ਇਮੀਗਰੇਸ਼ਨ ਮੰਤਰੀ ਕੈਰੋਲੀਨ ਨੋਕਸ ਨੇ ਦੱਸਿਆ ਕਿ ਇਸ ਬਾਰੇ ਮਤਾ ਪਾਰਲੀਮੈਂਟ ਵਿੱਚ ਪਾਸ ਹੁੰਦੇ ਸਾਰ ਦਸੰਬਰ ਤੋਂ ਲਾਗੂ ਕਰ ਦਿੱਤਾ ਜਾਵੇਗਾ। ਇਸ ਤੋਂ ਮਿਲੀ ਵਾਧੂ ਰਕਮ ਨੂੰ ਸਿੱਧੇ ਤੌਰ 'ਤੇ ਵਿਸ਼ਵ ਪੱਧਰੀ ਸਿਹਤ ਵਿਵਸਥਾ ਦੀ ਗੁਣਵੱਤਾ ਬਣਾਈ ਰੱਖਣ 'ਤੇ ਖਰਚ ਕੀਤਾ ਜਾਵੇਗਾ। ਸਰਕਾਰ ਦਾ ਕਹਿਣਾ ਹੈ ਕਿ 2015 ਵਿੱਚ ਸਰਚਾਰਜ ਸ਼ੁਰੂ ਕੀਤੇ ਜਾਣ ਪਿੱਛੋਂ 60 ਕਰੋੜ ਪੌਂਡ ਤੋਂ ਜ਼ਿਆਦਾ ਦੀ ਧਨ ਰਾਸ਼ੀ ਇਕੱਠੀ ਕੀਤੀ ਜਾ ਚੁੱਕੀ ਹੈ।

## ਆਈ ਐੱਸ ਆਈ ਦੇ ਪਾਜ ਉਧੇੜਨ ਵਾਲੇ ਪਾਕਿਸਤਾਨੀ ਜੱਜ ਦੀ ਨੌਕਰੀ ਗਈ

ਇਸਲਾਮਾਬਾਦ, 14 ਅਕਤੂਬਰ, (ਪੋਸਟ ਬਿਊਰੋ)- ਪਾਕਿਸਤਾਨ 'ਚ ਪ੍ਰਭਾਵਸ਼ਾਲੀ ਖ਼ੁਫ਼ੀਆ ਏਜੰਸੀ ਆਈ ਐੱਸ ਆਈ ਖ਼ਿਲਾਫ਼ ਬੋਲਣ 'ਤੇ ਇਸਲਾਮਾਬਾਦ ਹਾਈ ਕੋਰਟ ਦੇ ਇਕ ਸੀਨੀਅਰ ਜੱਜ ਦੀ ਛੁੱਟੀ ਕਰ ਦਿੱਤੀ ਗਈ ਹੈ। ਉਨ੍ਹਾਂ ਸਰੇਆਮ ਇਹ ਬਿਆਨ ਦਿੱਤਾ ਸੀ ਕਿ ਆਈ ਐੱਸ ਆਈ ਪਿਛਲੀ ਜੁਲਾਈ ਵਿੱਚ ਹੋਈਆਂ ਆਮ ਚੋਣਾਂ ਨੂੰ ਪ੍ਰਭਾਵਿਤ ਕਰਨ ਲਈ ਜੁਡੀਸ਼ਲ ਕਾਰਵਾਈਆਂ 'ਚ ਦਖ਼ਲ ਦੇ ਰਹੀ ਸੀ। ਉਨ੍ਹਾਂ ਦੇ ਇਨ੍ਹਾਂ ਦੋਸ਼ਾਂ ਨਾਲ ਚੋਣਾਂ 'ਚ ਗੜਬੜੀ ਦੇ ਦਾਅਵਿਆਂ ਨੂੰ ਬਲ ਮਿਲਿਆ ਸੀ। ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਦੀ ਪਾਰਟੀ ਪੀ ਐੱਮ ਐੱਲ-ਐੱਨ ਨੇ 25 ਜੁਲਾਈ ਵਿੱਚ ਹੋਈਆਂ ਚੋਣਾਂ ਵਿੱਚ ਗੜਬੜੀ ਦੇ ਦੋਸ਼ ਲਾਏ ਸਨ। ਉਸ ਜੱਜ ਨੇ ਇਹ ਦਾਅਵਾ ਵੀ ਕੀਤਾ ਸੀ ਕਿ ਫ਼ੌਜ ਅਤੇ ਇਮਰਾਨ ਖ਼ਾਨ ਵਿੱਚ ਗੰਢਤੁੱਪ ਸੀ। ਫ਼ੌਜ ਤੇ ਇਮਰਾਨ ਨੇ ਇਨ੍ਹਾਂ ਦੋਸ਼ਾਂ ਨੂੰ ਰੱਦ ਕੀਤਾ ਸੀ।




ਇਸ ਸੰਬੰਧ ਵਿੱਚ ਪਾਕਿਸਤਾਨ ਦੇ ਕਾਨੂੰਨ ਮੰਤਰਾਲੇ ਨੇ ਸ਼ੁੱਕਰਵਾਰ ਨੂੰ ਇਕ ਬਿਆਨ ਵਿੱਚ ਕਿਹਾ, 'ਰਾਸ਼ਟਰਪਤੀ ਨੇ ਜਸਟਿਸ ਸ਼ੌਕਤ ਅਜੀਜ ਸਿੱਦੀਕੀ ਨੂੰ ਤੁਰੰਤ ਪ੍ਰਭਾਵ ਨਾਲ ਬਰਖ਼ਾਸਤ ਕਰ ਦਿੱਤਾ ਹੈ।' ਇਸ ਬਿਆਨ ਵਿੱਚ ਉਨ੍ਹਾਂ ਨੂੰ ਹਟਾਉਣ ਦਾ ਕੋਈ ਕਾਰਨ ਨਹੀਂ ਦੱਸਿਆ ਗਿਆ। ਇਸਲਾਮਾਬਾਦ ਹਾਈ ਕੋਰਟ ਦੇ ਇਹ ਸੀਨੀਅਰ ਜੱਜ ਅਗਲੇ ਮਹੀਨੇ ਇਸ ਅਦਾਲਤ ਦੇ ਚੀਫ ਜਸਟਿਸ ਬਣਨ ਵਾਲੇ ਸਨ। ਉਨ੍ਹਾਂ ਖ਼ਿਲਾਫ਼ ਇਹ ਕਾਰਵਾਈ ਚੀਫ ਜਸਟਿਸ ਦੀ ਅਗਵਾਈ ਵਾਲੀ ਜੱਜਾਂ ਦੀ ਇਕ ਕਮੇਟੀ ਦੀ ਸਿਫਾਰਸ਼ 'ਤੇ ਕੀਤੀ ਗਈ ਹੈ। ਉਨ੍ਹਾਂ ਦੇ ਵਿਵਾਦਿਤ ਬਿਆਨ ਦੀ ਜਾਂਚ ਲਈ ਬਣੀ ਕਮੇਟੀ ਨੇ ਕਿਹਾ ਕਿ ਹਾਈ ਕੋਰਟ ਦੇ ਜੱਜ ਦੇ ਤੌਰ 'ਤੇ ਸਿੱਦੀਕੀ ਦਾ ਬਿਆਨ ਨਿੰਦਾਯੋਗ ਸੀ। ਸਿੱਦੀਕੀ ਨੇ ਵਕੀਲਾਂ ਦੇ ਪ੍ਰੋਗਰਾਮ 'ਚ ਕਿਹਾ ਸੀ, 'ਫ਼ੌਜੀ ਕੰਟਰੋਲ ਵਾਲੀ ਖ਼ੁਫ਼ੀਆ ਏਜੰਸੀ ਆਈ ਐੱਸ ਆਈ ਆਮ ਚੋਣਾਂ ਤੋਂ ਪਹਿਲਾਂ ਕਾਨੂੰਨੀ ਮਾਮਲਿਆਂ ਵਿੱਚ ਦਖ਼ਲ ਦੇ ਰਹੀ ਸੀ। ਉਹ ਕਾਨੂੰਨੀ ਕਾਰਵਾਈਆਂ 'ਚ ਹੇਰਫੇਰ ਕਰਨ ਦੀ ਪੂਰੀ ਕੋਸ਼ਿਸ਼ ਕਰ ਰਹੀ ਸੀ।'

ਜਸਟਿਸ ਸਿੱਦੀਕੀ ਨੇ ਦਾਅਵਾ ਕੀਤਾ ਸੀ ਕਿ ਆਈ ਐੱਸ ਆਈ ਨੇ ਨਵਾਜ਼ ਸ਼ਰੀਫ ਤੇ ਉਨ੍ਹਾਂ ਦੀ ਬੇਟੀ ਮਰੀਅਮ ਨੂੰ ਚੋਣਾਂ ਤੋਂ ਪਹਿਲਾਂ ਰਿਹਾਅ ਨਾ ਕਰਨ ਨੂੰ ਕਿਹਾ ਸੀ। ਦੋਵਾਂ ਨੂੰ ਪਿਛਲੀ 13 ਜੁਲਾਈ ਨੂੰ ਲੰਡਨ ਤੋਂ ਪਾਕਿਸਤਾਨ ਪਰਤਣ 'ਤੇ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਲੰਡਨ 'ਚ ਆਲੀਸ਼ਾਨ ਫਲੈਟ ਖ਼ਰੀਦਣ ਦੇ ਮਾਮਲੇ 'ਚ ਉਨ੍ਹਾਂ ਨੂੰ ਪਿਛਲੀ ਜੁਲਾਈ ਦੇ ਸ਼ੁਰੂ 'ਚ ਸਜ਼ਾ ਸੁਣਾਈ ਗਈ ਸੀ।

## ਪੋਪ ਨੇ ਸੈਕਸ ਸ਼ੋਸ਼ਣ ਦੇ ਦੋਸ਼ਾਂ ਹੇਠ ਚਿਲੀ ਦੇ ਦੋ ਬਿਸ਼ਪ ਬਰਖਾਸਤ ਕੀਤੇ

ਵੈਟੀਕਨ ਸਿਟੀ, 14 ਅਕਤੂਬਰ (ਪੋਸਟ ਬਿਊਰੋ)- ਪੋਪ ਫ੍ਰਾਂਸਿਸ ਨੇ ਨਾਬਾਲਗਾਂ ਦੇ ਸੈਕਸ ਸ਼ੋਸ਼ਣ ਦੇ ਦੋਸ਼ ਵਿੱਚ ਚਿਲੀ ਦੇ ਦੋ ਬਿਸ਼ਪ ਨੂੰ ਚਰਚ ਦੇ ਪਾਦਰੀ ਅਹੁਦੇ ਤੋਂ ਹਟਾ ਦਿੱਤਾ ਹੈ। ਪੋਪ ਤੇ ਚਿਲੀ ਦੇ ਰਾਸ਼ਟਰਪਤੀ ਦੀ ਮੁਲਾਕਾਤ ਤੋਂ ਬਾਅਦ ਵੈਟੀਕਨ ਨੇ ਸ਼ਨੀਵਾਰ ਨੂੰ ਇਕ ਬਿਆਨ ਵਿੱਚ ਇਹ ਜਾਣਕਾਰੀ ਦਿੱਤੀ।

ਇਸ ਬਿਆਨ 'ਚ ਕਿਹਾ ਗਿਆ ਹੈ ਕਿ ਸਾਬਕਾ ਆਰਕਬਿਸ਼ਪ ਫ੍ਰਾਂਸਿਸਕੋ ਜੋਸ ਕਾਕਸ ਹੁਨੀਯਸ ਅਤੇ ਸਾਬਕਾ ਬਿਸ਼ਪ ਮਾਰਕੋ ਏਂਟੋਨੀਓ ਫਰਨਾਂਡਿਜ਼ ਨੂੰ ਬਰਖਾਸਤ ਕਰਨ ਦੇ ਫੈਸਲੇ ਖਿਲਾਫ ਅਪੀਲ ਨਹੀਂ ਕੀਤੀ ਜਾ ਸਕਦੀ। ਦੋਵਾਂ ਨੂੰ ਨਾਬਾਲਗਾਂ ਦੇ ਖਿਲਾਫ ਦੁਰ-ਵਿਹਾਰ ਦੇ ਕਾਰਨ ਚਰਚ ਵਿੱਚ ਪਾਦਰੀ ਦੀ ਜ਼ਿਮੇਵਾਰੀ ਤੋਂ ਹਟਾ ਦਿੱਤਾ ਗਿਆ ਹੈ। ਜ਼ਿਕਰ ਯੋਗ ਹੈ ਕਿ ਚਰਚ 'ਚ ਪਾਦਰੀ ਦੇ ਅਹੁਦੇ ਤੋਂ ਹਟਾਉਣਾ ਕਿਸੇ ਵੀ ਪਾਦਰੀ ਲਈ ਸਭ ਤੋਂ ਸਖਤ ਸਜ਼ਾ ਹੁੰਦੀ ਹੈ ਤੇ ਇਸ ਦਾ ਮਤਲਬ ਹੈ ਕਿ ਅਪਰਾਧੀ ਕਿਸੇ ਧਾਰਮਿਕ ਗਤੀਵਿਧੀ 'ਚ ਨਿੱਜੀ ਤੌਰ 'ਤੇ ਵੀ ਨਹੀਂ ਜਾ ਸਕਦਾ।

ਚਿਲੀ 'ਚ ਪਾਦਰੀਆਂ ਵਲੋਂ ਨਾਬਾਲਗਾਂ ਦੇ ਸੈਕਸ ਸ਼ੋਸ਼ਣ ਦੇ ਸੈਂਕੜੇ ਕੇਸ ਸਾਹ-ਮਣੇ ਆਏ ਹਨ, ਜਿਨ੍ਹਾਂ 'ਚ ਕੈਥੋਲਿਕ ਚਰਚ 'ਚ ਸੰਕਟ ਭਖਿਆ ਹੋਇਆ ਹੈ। ਪੋਪ ਨੇ ਸ਼ਨੀਵਾਰ ਚਿਲੀ ਦੇ ਰਾਸ਼ਟਰਪਤੀ ਸੇਬੇਸਟੀਅਨ ਪਿਨੇਰਾ ਨਾਲ ਵੈਟੀਕਨ 'ਚ ਮੁਲਾਕਾਤ ਕੀਤੀ ਤੇ ਚਿਲੀ 'ਚ ਮੁਸ਼ਕਿਲ ਸਥਿਤੀ 'ਤੇ ਚਰਚਾ ਕੀਤੀ। ਵੈਟੀਕਨ ਨੇ ਇਕ ਬਿਆਨ 'ਚ ਕਿਹਾ ਕਿ ਉਨ੍ਹਾਂ ਨੇ ਨਾਬਾਲਿਗਾਂ ਨਾਲ ਦੁਰ-ਵਿਹਾਰ ਦੀਆਂ ਘਟਨਾਵਾਂ 'ਤੇ ਚਰਚਾ ਕੀਤੀ ਤੇ ਇਹ ਅਪਰਾਧ ਹੋਣ ਤੋਂ ਰੋਕਣ ਅਤੇ ਇਸ ਦੇ ਖਿਲਾਫ ਲੜਨ 'ਚ ਸ਼ਾਮਲ ਕੋਸ਼ਿਸ਼ਾਂ 'ਤੇ ਜ਼ੋਰ ਦਿੱਤਾ।

## ਇਟਲੀ ਦੇ ਸਕੂਲਾਂ ਦੀ ਗਿਣਤੀ 57000 ਤੋਂ ਵੱਧ, ਰਿਕਾਰਡ ਵਿੱਚੋਂ 16000 ਗਾਇਬ

ਰੋਮ, 14 ਅਕਤੂਬਰ (ਪੋਸਟ ਬਿਊਰੋ)- ਇਟਲੀ 'ਚ ਸਕੂਲਾਂ ਦੀ ਗਿਣਤੀ 57,000 ਹੈ, ਪਰ ਏਥੇ ਰਿਕਾਰਡ ਵਿੱਚੋਂ 16,000 ਸਕੂਲ ਗਾਇਬ ਹਨ। ਮੰਤਰਾਲੇ ਦੇ ਅੰਕੜਿਆਂ ਅਨੁਸਾਰ ਇਟਲੀ 'ਚ ਸਕੂਲਾਂ ਦੀ ਗਿਣਤੀ 41000 ਦੱਸੀ ਗਈ ਹੈ, ਪਰ ਮੇਅਰਾਂ ਦੇ ਰਿਕਾਰਡ ਅਨੁਸਾਰ ਇਟਲੀ ਵਿੱਚ 57000 ਤੋਂ ਵਧੇਰੇ ਸਕੂਲੀ ਇਮਾਰਤਾਂ ਹਨ। ਇਨ੍ਹਾਂ 100 ਵਿੱਚੋਂ 30 ਕੇਸਾਂ ਵਿੱਚ ਸਕੂਲਾਂ ਦੀਆਂ ਇਮਾਰਤਾਂ ਦਾ ਜ਼ਿਕਰ ਹੀ ਨਹੀਂ। ਇਸ ਤਰ੍ਹਾਂ ਸਿੱਖਿਆ ਵਿਭਾਗ 'ਤੇ ਸਵਾਲ ਉਠਦਾ ਹੈ ਕਿ ਉਨ੍ਹਾਂ ਨੂੰ ਇਸ ਦੀ ਪੂਰੀ ਜਾਣਕਾਰੀ ਕਿਉਂ ਨਹੀਂ ਕਿ ਕਿੰਨੇ ਸਕੂਲ ਹਨ ਤੇ ਕਿੰਨੇ ਵਿਦਿਆਰਥੀ ਪੜ੍ਹਦੇ ਹਨ।

ਸਿੱਖਿਆ ਮੰਤਰਾਲੇ ਨੇ ਪਿਛਲੇ ਸਾਲ ਸਤੰਬਰ 2017 ਵਿੱਚ ਇਟਲੀ ਦੇ ਸਕੂਲਾਂ ਦੀ ਗਿਣਤੀ 41000 ਦੱਸੀ ਸੀ ਤੇ ਦੂਸਰੇ ਵਿਭਾਗ ਦੇ ਅੰਕੜਿਆਂ ਅਨੁਸਾਰ ਕੁਝ ਸਾਲ ਪਹਿਲਾਂ ਇਹ 36000 ਸੀ, ਅੱਜ ਕੱਲ੍ਹ ਇਹ ਹੈ ਕਿ ਇਟਲੀ ਵਿੱਚ ਸਕੂਲਾਂ ਦੀ 57000 ਤੋਂ ਵੱਧ ਹੈ। ਇਮਾਰਤ ਰਜਿਸਟਰੇਸ਼ਨ ਦੀ ਕੁਝ ਹਫਤੇ ਪਹਿਲਾਂ ਆਈ ਰਿਪੋਰਟ ਵੀ ਹੈਰਾਨੀ ਜਨਕ ਹੈ। ਦੇਸ਼ ਵਿੱਚ 41000 ਸਕੂਲਾਂ 'ਚ ਲੱਖਾਂ ਬੱਚੇ ਪੜ੍ਹਦੇ ਹਨ। ਇਨ੍ਹਾਂ ਵਿੱਚੋਂ ਅਨੇਕਾਂ ਇਮਾਰਤਾਂ ਹਾਲਤ ਬਾਰੇ ਵਿਭਾਗ ਵੱਲੋਂ ਜਾਰੀ ਸੁਰੱਖਿਆ ਕੋਡ ਭਿੰਨ-ਭਿੰਨ ਹਨ। ਕਰੀਬ 31 ਫੀਸਦੀ ਇਮਾਰਤਾਂ ਉਹ ਹਨ, ਜਿਨ੍ਹਾਂ ਕੋਲ ਬੱਚਿਆਂ ਦੇ ਲੰਚ ਲਈ ਇੱਕੋ ਕਮਰਾ ਹੈ। ਇੱਥੇ ਬੱਚਿਆਂ ਨੂੰ ਸਵੇਰ ਅਤੇ ਦੁਪਿਹਰ ਦਾ ਖਾਣਾ ਦੇਣ ਦਾ ਹੁਕਮ ਹੈ ਪਰ ਕਈ ਸਕੂਲਾਂ 'ਚ ਦੁਪਿਹਰ ਦਾ ਖਾਣਾ ਸੰਭਵ ਨਹੀਂ। ਕਈ ਸਕੂਲਾਂ ਵਿੱਚ ਸਰੀਰਕ ਸਿੱਖਿਆ ਦਾ ਪੱਕਾ ਪ੍ਰਬੰਧ ਨਹੀਂ, ਸਿਰਫ਼ 4000 ਸਕੂਲ ਹੀ ਅਜਿਹੇ ਹਨ, ਜਿੱਥੇ ਬੱਚਿਆਂ ਲਈ ਜਿੰਮ ਦਾ ਪ੍ਰਬੰਧ ਹੈ। ਇਟਲੀ ਦੇ ਸਕੂਲਾਂ ਵਿੱਚ ਸਹੂਲਤਾਂ ਸਬੰਧੀ ਜਾਂ ਇਮਾਰਤਾਂ ਸਬੰਧੀ ਊਣ-ਤਾਣ ਭਾਰਤ ਦੇ ਸਕੂਲਾਂ ਦਾ ਹੀ ਭੁਲੇਖਾ ਪਾਉਂਦੀ ਹੈ।

## ਨੇਪਾਲ ਦੀ ਪਹਾੜੀ ਚੋਟੀ ਉੱਤੇ ਬਰਫੀਲੇ ਤੂਫਾਨ ਕਾਰਨ 10 ਮੌਤਾਂ

ਕਾਠਮੰਡੂ, 14 ਅਕਤੂਬਰ (ਪੋਸਟ ਬਿਊਰੋ)- ਨੇਪਾਲ ਦੀ ਪਹਾੜੀ ਚੋਟੀ ਗੁਰਜਾ ਉੱਤੇ ਆਏ ਬਰਫੀਲੇ ਤੂਫਾਨ ਨਾਲ ਉਥੇ ਕੈਂਪ 'ਚ ਰੁਕੇ ਹੋਏ 10 ਜਣਿਆਂ ਦੀ ਮੌਤ ਹੋ ਗਈ ਹੈ। ਇਨ੍ਹਾਂ 'ਚ ਦੱਖਣੀ ਕੋਰੀਆ ਦੇ ਪੰਜ ਨਾਗਰਿਕ ਸਨ।

ਟਰੈਕਿੰਗ ਕੈਂਪ ਨੇਪਾਲ ਦੇ ਮੈਨੇਜਿੰਗ ਡਾਇਰੈਕਟਰ ਵਾਂਗਚੂ ਸ਼ੇਰਪਾ ਨੇ ਦੱਸਿਆ ਕਿ ਬਰਫੀਲਾ ਤੂਫਾਨ ਸ਼ੁੱਕਰਵਾਰ ਨੂੰ ਆਇਆ ਅਤੇ ਮਾਊਂਟ ਧੌਲਗਿਰੀ ਨੇੜੇ 3500 ਮੀਟਰ ਦੀ ਉਚਾਈ 'ਤੇ ਬੇਸ ਕੈਂਪ ਉਸ ਦੀ ਲਪੇਟ ਵਿੱਚ ਆ ਗਿਆ। ਇਸ ਦੌਰਾਨ ਕੋਰੀਅਨਵੇਅ ਗੁਰਜਾ ਹਿਮਾਲੀਆ ਐਕਸਪੀਡਿਸ਼ਨ ਦੀ ਅਗਵਾਈ ਕਰ ਰਹੇ ਕਿਮ ਚੈਂਗ ਹੋ ਅਤੇ ਚਾਰ ਹੋਰ ਦੱਖਣੀ ਕੋਰੀਆਈ ਪਰਬਤਾਰੋਹੀਆਂ ਦੀ ਮੌਤ ਹੋ ਗਈ। ਉਨ੍ਹਾਂ ਕਿਹਾ ਕਿ ਬਰਫ ਦੇ ਤੋਦਿਆਂ ਹੇਠ ਆ ਕੇ ਇਸ ਗਰੁੱਪ ਦੇ ਸਹਾਇਕ ਅਮਲੇ ਵਿੱਚ ਸ਼ਾਮਲ ਚਾਰ ਨੇਪਾਲੀ ਵੀ ਮਾਰੇ ਗਏ। ਸਾਰੇ ਲੋਕ ਸੱਤ ਅਕਤੂਬਰ ਨੂੰ ਗੁਰਜਾ ਪਿੰਡ ਤੋਂ ਚੋਟੀ ਸਰ ਕਰਨ ਲਈ ਨਿਕਲੇ ਸਨ। ਸ਼ੇਰਪਾ ਨੇ ਕਿਹਾ ਕਿ ਬਰਫੀਲਾ ਤੂਫਾਨ ਆਉਣ ਸਮੇਂ ਪਰਬਤਾਰੋਹੀ ਕੈਂਪ 'ਚ ਮੌਸਮ ਸਾਫ ਹੋਣ ਦੀ ਉਡੀਕ ਕਰ ਰਹੇ ਸਨ। ਬਰਫੀਲੇ ਤੂਫਾਨ ਪਿੱਛੋਂ ਤੋਦੇ ਡਿੱਗਣ ਨਾਲ ਕੈਂਪ ਨਸ਼ਟ ਹੋ ਗਿਆ ਅਤੇ ਸਾਰੇ ਵਿਅਕਤੀ ਦੱਬ ਗਏ। ਬਚਾਅ ਟੀਮ ਨੂੰ ਕੈਂਪ ਦਾ ਮਲਬਾ ਦੇਖਣ ਪਿੱਛੋਂ ਇਨ੍ਹਾਂ ਦੀਆਂ ਲਾਸ਼ਾਂ ਮਿਲੀਆਂ।

ਕਿਮ ਪਹਿਲਾ ਦੱਖਣ ਕੋਰੀਆਈ ਨਾਗਰਿਕ ਸੀ ਜਿਸ ਨੇ ਆਕਸੀਜਨ ਦੀ ਵਰਤੋਂ ਕੀਤੇ ਬਿਨਾਂ ਅੱਠ ਹਜ਼ਾਰ ਮੀਟਰ ਤੋਂ ਵੱਧ ਦੀਆਂ 14 ਚੋਟੀਆਂ ਉਤੇ ਚੜ੍ਹਾਈ ਕੀਤੀ ਸੀ। ਘਟਨਾ ਵਾਲੀ ਥਾਂ 'ਤੇ ਕੱਲ੍ਹ ਹੈਲੀਕਾਪਟਰ ਰਵਾਨਾ ਕੀਤਾ ਗਿਆ। ਪੱਛਮੀ ਨੇਪਾਲ 'ਚ ਪੈਂਦੀ ਚੋਟੀ ਗੁਰਜਾ ਦੀ ਉਚਾਈ 7193 ਮੀਟਰ ਹੈ।

## ਪਾਕਿ ਚੀਫ ਜਸਟਿਸ ਨੇ ਹਿੰਦੂਆਂ ਦੀਆਂ ਜਾਇਦਾਦਾਂ 'ਤੇ ਕਬਜ਼ਿਆਂ ਦਾ ਨੋਟਿਸ ਲਿਆ



ਇਸਲਾਮਾਬਾਦ, 14 ਅਕਤੂਬਰ (ਪੋਸਟ ਬਿਊਰੋ)- ਪਾਕਿਸਤਾਨ ਵਿੱਚ ਘੱਟ ਗਿਣਤੀ ਹਿੰਦੂਆਂ ਦੀਆਂ ਜਾਇਦਾਦਾਂ ਉਤੇ ਕੀਤੇ ਜਾ ਰਹੇ ਕਬਜ਼ਿਆਂ ਦਾ ਦੇਸ਼ ਦੇ ਚੀਫ ਜਸਟਿਸ ਸਾਕਿਬ ਨਿਸਾਰ ਨੇ ਨੋਟਿਸ ਲਿਆ ਹੈ। ਇਕ ਹਿੰਦੂ ਮਹਿਲਾ ਪ੍ਰੋਫੈਸਰ ਨੇ ਚੀਫ ਜਸਟਿਸ ਕੋਲ ਰੋਸ ਪ੍ਰਗਟਾਇਆ ਸੀ ਕਿ ਘੱਟ ਗਿਣਤੀਆਂ ਇਸ ਦੇਸ਼ ਵਿੱਚ ਬੇਹੱਦ ਲਾ-ਕਾਨੂੰਨੀ ਤੇ ਦੁਰ-ਪ੍ਰਬੰਧ ਦਾ ਸਾਹਮਣਾ ਕਰ ਰਹੀਆਂ ਹਨ। ਆਪਣੀ ਨਿਆਂ ਪਸੰਦੀ ਲਈ ਜਾਣੇ ਜਾਂਦੇ ਜਸਟਿਸ ਨਿਸਾਰ ਨੇ ਸੇਵਾਮੁਕਤ ਪ੍ਰੋਫੈਸਰ ਡਾ. ਭਗਵਾਨ ਦੇਵੀ ਵੱਲੋਂ ਭੇਜੇ ਵੀਡੀਓ ਮੈਸੇਜ ਵੇਖਣ ਪਿੱਛੋਂ ਕੇਂਦਰ ਅਤੇ ਸੂਬਾ ਸਿੰਧ ਦੀ ਸਰਕਾਰ ਨੂੰ ਨੋਟਿਸ ਜਾਰੀ ਕਰ ਦਿੱਤਾ ਹੈ। ਪਾਕਿਸਤਾਨ ਸੁਪਰੀਮ ਕੋਰਟ ਅਨੁਸ-ਾਰ ਅਦਾਲਤ ਨੇ ਉਨ੍ਹਾਂ ਦੀ ਅਪੀਲ ਉਤੇ ਸੁਣਵਾਈ ਕਰਨ ਦਾ ਫੈਸਲਾ ਕੀਤਾ ਹੈ ਤੇ 18 ਅਕਤੂਬਰ ਨੂੰ ਸੁਣਵਾਈ ਹੋਵੇਗੀ। ਚੀਫ ਜਸਟਿਸ ਵੱਲੋਂ ਨੋਟਿਸ ਲੈਣ ਪਿੱਛੋਂ ਅਦਾਲਤ ਨੇ ਦੇਸ਼ ਦੇ ਅਟਾਰਨੀ ਜਨਰਲ, ਐਡਵੋਕੇਟ ਜਨਰਲ ਆਫ ਸਿੰਧ, ਧਾਰਮਿਕ ਮਾਮਲੇ ਤੇ ਆਪਸੀ ਸਦਭਾਵਨਾ ਮੰਤਰਾਲੇ ਦੇ ਸਕੱਤਰ, ਘੱਟ ਗਿਣਤੀ ਮਾਮਲੇ ਵਿਭਾਗ ਦੇ ਸਕੱਤਰ, ਸਿੰਧ ਸਰਕਾਰ ਅਤੇ ਲੜਕਾਣਾ ਜ਼ਿਲਾ ਪ੍ਰਸ਼ਾਸਨ ਨੂੰ ਨੋਟਿਸ ਜਾਰੀ ਕਰ ਦਿੱਤੇ ਹਨ। 'ਡਾਅਨ ਨਿਊਜ਼' ਦੀ ਟੀ ਵੀ ਰਿਪੋਰਟ ਅਨੁਸਾਰ ਸ੍ਰੀਮਤੀ ਭਗਵਾਨ ਦੇਵੀ ਨੇ ਇਕ ਵੀਡੀਓ ਮੈਸੇਜ ਵਿੱਚ ਕਿਹਾ ਹੈ ਕਿ ਸੂਬਾ ਸਿੰਧ ਵਿੱਚ ਹਿੰਦੂ ਸਿਰੇ ਦੀਆਂ ਧੱਕੇਸ਼ਾਹੀਆਂ ਤੇ ਦੁਰਪ੍ਰਬੰਧਾਂ ਦਾ ਸ਼ਿਕਾਰ ਹਨ। ਸਿੰਧ ਵਿੱਚ ਲੈਂਡ ਮਾਫੀਆ ਜਬਰਦਸਤੀ ਹਿੰਦੂਆਂ ਦੀਆਂ ਜਾਇਦਾਦਾਂ ਉਤੇ ਕਬਜ਼ੇ ਕਰ ਰਿਹਾ ਹੈ ਅਤੇ ਲੜਕਾਣਾ ਵਿੱਚ ਗੈਰ ਕਾਨੂੰਨੀ ਫੈਲੀ ਹੋਈ ਹੈ। ਇਸ ਉੱਤੇ ਚੀਫ ਜਸਟਿਸ ਨੇ ਸਖਤੀ ਵਿਖਾਈ ਹੈ।

## ਯੂ ਐਨ ਜਨਰਲ ਅਸੈਂਬਲੀ ਦੇ ਦਫਤਰ ਵਿੱਚ ਵਿਜੈਲਕਸ਼ਮੀ ਪੰਡਿਤ ਦੀ ਫੋਟੋ ਲੱਗੇਗੀ

ਯੂ ਐਨ ਓ, 14 ਅਕਤੂਬਰ (ਪੋਸਟ ਬਿਊਰੋ)- ਯੂ ਐਨ ਜਨਰਲ ਅਸੈਂਬਲੀ ਦੀ ਪ੍ਰਧਾਨ ਮਾਰੀਆ ਫਰਨਾਂਡਾ ਐਸਪੀਨੋਸਾ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਵਿਜੈਲਕਸ਼ਮੀ ਪੰਡਿਤ ਤੋਂ ਪ੍ਰੇਰਣਾ ਮਿਲਦੀ ਹੈ। ਇਸ ਲਈ ਉਹ ਆਪਣੇ ਦਫਤਰ ਵਿਚ ਉਨ੍ਹਾਂ ਦੀ ਤਸਵੀਰ ਲਾਉਣ ਦੀ ਯੋਜਨਾ ਬਣਾ ਰਹੀ ਹੈ। ਭਾਰਤੀ ਮੂਲ ਦੇ ਪਾਰਲੀਮੈਂਟ ਮੈਂਬਰ ਸਿੱਕਮ ਡੈਮੋਕ੍ਰੇਟਿਕ ਫਰੰਟ ਦੇ ਪ੍ਰੇਮ ਦਾਸ ਰਾਏ ਨੇ ਇਹ ਜਾਣਕਾਰੀ ਦਿੱਤੀ, ਜੋ ਸ਼ੁੱਕਰਵਾਰ ਨੂੰ ਐਸਪੀਨੋਸਾ ਨੂੰ ਮਿਲੇ ਸਨ।

ਵਰਨਣ ਯੋਗ ਹੈ ਕਿ ਵਿਜੈਲਕਸ਼ਮੀ ਯੂ ਐੱਨ ਜਨਰਲ ਅਸੈਂਬਲੀ ਦੀ ਪਹਿਲੀ ਮਹਿਲਾ ਪ੍ਰਧਾਨ ਅਤੇ ਜਵਾਹਰ ਲਾਲ ਨਹਿਰੂ ਦੀ ਭੈਣ ਸੀ। ਐਸਪੀਨੋਸਾ ਨੇ ਪਾਰਲੀਮੈਂਟ ਮੈਂਬਰਾਂ ਦੇ ਗਰੁੱਪ ਨੂੰ ਕਿਹਾ ਕਿ ਉਨ੍ਹਾਂ ਨੂੰ ਯੂ ਐਨ ਵਿਚ ਵਿਜੈਲਕਸ਼ਮੀ ਪੰਡਿਤ ਦੇ ਬਿਹਤਰੀਨ ਕੰਮਾਂ ਤੋਂ ਪ੍ਰੇਰਣਾ ਮਿਲਦੀ ਹੈ। ਇਕਵਾਡੋਰ ਦੀ ਮਾਰੀਆ ਯੂ ਐੱਨ ਜਨਰਲ ਅਸੈਂਬਲੀ ਦੀ ਪ੍ਰਧਾਨ ਬਣਨ ਵਾਲੀ ਚੌਥੀ ਮਹਿਲਾ ਹੈ। ਵਿਜੈਲਕਸ਼ਮੀ ਪੰਡਿਤ ਸਾਲ 1953 ਵਿਚ ਯੂ ਐੱਨ ਜਨਰਲ ਅਸੈਂਬਲੀ ਦੀ ਪ੍ਰਧਾਨ ਚੁਣੀ ਗਈ ਸੀ। ਰਾਏ ਮੁਤਾ-ਬਕ ਐਸਪੀਨੋਸਾ ਨੇ ਦੱਸਿਆ ਕਿ ਉਹ ਭਾਰਤੀ ਲੋਕਤੰਤਰ ਦਾ ਸਨਮਾਨ ਕਰਦੀ ਹੈ ਅਤੇ ਉਹ ਭਾਰਤ ਨੂੰ ਇਕ ਅਜਿਹਾ ਦੇਸ਼ ਸਮਝਦੀ ਹੈ, ਜਿਸ ਤੋਂ ਪ੍ਰੇਰਣਾ ਲਈ ਜਾ ਸਕਦੀ ਹੈ।

ਵਿਜੈਲਕਸ਼ਮੀ ਪੰਡਿਤ ਦੇ ਅਹੁਦਾ ਸੰਭਾਲਣ ਦੇ 16 ਸਾਲ ਬਾਅਦ ਲਾਈਬੇਰੀਆ ਦੀ ਐਂਜੀ ਐਲਿਜ਼ਾਬੇਥ ਬਰੁਕਸ ਸਾਲ 1969 ਵਿਚ ਯੂ ਐੱਨ ਜਨਰਲ ਅਸੈਂਬਲੀ ਦੀ ਪ੍ਰਧਾਨ ਬਣੀ ਸੀ ਅਤੇ ਇਸ ਦੇ 37 ਸਾਲ ਬਾਅਦ ਬਹਿਰੀਨ ਦੀ ਸ਼ੇਖ ਹਾਯਾ ਰਸ਼ਦ ਅਲ ਖਲੀਫਾ ਸਾਲ 2006 ਵਿਚ ਪ੍ਰਧਾਨ ਬਣੀ।

## ਯੋਗ ਦੇ ਅਧਿਆਪਕ ਦੀ ਸਜ਼ਾ ਅਦਾਲਤ ਨੇ ਹੋਰ ਵਧਾ ਦਿੱਤੀ



ਸਿੰਗਾਪੁਰ, 14 ਅਕਤੂਬਰ (ਪੋਸਟ ਬਿਊਰੋ)- ਸਿੰਗਾਪੁਰ ਦੀ ਉਚ ਅਦਾਲਤ ਨੇ ਆਪਣੀ ਵਿਦਿਆਰਥਣ ਨਾਲ ਕਈ ਵਾਰ ਛੇੜਛਾੜ ਕਰਨ ਤੇ ਧਮਕੀਆਂ ਦੇਣ ਵਾਲੇ ਭਾਰਤੀ ਯੋਗ ਅਧਿਆਪਕ ਦੀ ਸਜ਼ਾ ਵਧਾ ਦਿੱਤੀ ਹੈ। ਪਿਛਲੇ ਸਾਲ ਅਪ੍ਰੈਲ ਵਿੱਚ ਰਾਕੇਸ਼ ਕੁਮਾਰ ਪ੍ਰਸਾਦ ਨੂੰ ਇਸ ਕੇਸ ਵਿੱਚ ਨੌਂ ਮਹੀਨੇ ਦੀ ਸਜ਼ਾ ਹੋਈ ਸੀ। ਉਸ ਨੇ ਸਜ਼ਾ ਖਿਲਾਫ ਹਾਈ ਕੋਰਟ 'ਚ ਅਪੀਲ ਕੀਤੀ ਸੀ। ਅਪੀਲ ਰੱਦ ਕਰਦੇ ਹੋਏ ਅਦਾਲਤ ਨੇ ਉਸ ਦੀ ਸਜ਼ਾ ਵਧਾ ਕੇ ਇੱਕ ਸਾਲ ਕਰ ਦਿੱਤੀ ਹੈ। ਇਸ ਦੇ ਨਾਲ ਹੀ ਉਸ ਨੂੰ ਤਿੰਨੇ ਕੌੜੇ ਮਾਰਨ ਦੀ ਸਜ਼ਾ ਵੀ ਸੁਣਾਈ ਗਈ ਹੈ।

ਮਿਲੀ ਜਾਣਕਾਰੀ ਅਨੁਸਾਰ ਰਾਕੇਸ਼ ਨੇ 26 ਅਪ੍ਰੈਲ 2015 ਨੂੰ ਰੀਅਲ ਯੋਗਾ ਸਟੂਡੀਓ 'ਚ ਆਪਣੀ ਵਿਦਿਆਰਥਣ ਨਾਲ ਛੇੜਛਾੜ ਕੀਤੀ ਅਤੇ ਉਸ ਦੀ ਗਰਦਨ ਵੀ ਦੱਬੀ ਸੀ। ਪੀੜਤ ਨੇ ਅਗਲੇ ਹੀ ਦਿਨ ਇਸ ਦੀ ਸ਼ਿਕਾਇਤ ਪੁਲਸ ਨੂੰ ਕੀਤੀ। ਜਾਂਚ ਕਰਨ 'ਤੇ ਹੇਠਲੀ ਅਦਾਲਤ 'ਚ ਰਾਕੇਸ਼ ਨੂੰ ਦੋਸ਼ੀ ਪਾਇਆ ਗਿਆ। ਛੇੜਛਾੜ ਕਰਨ ਲਈ ਉਸ ਨੂੰ ਨੌਂ ਮਹੀਨੇ ਦੀ ਸਜ਼ਾ ਤੇ ਗਰਦਨ ਫੜਨ ਕਰ ਕੇ ਉਸ ਨੂੰ ਇੱਕ ਹਜ਼ਾਰ ਸਿੰਗਾਪੁਰ ਡਾਲਰ ਜੁਰਮਾਨਾ ਹੋਇਆ ਸੀ। ਰਾਕੇਸ਼ ਨੇ ਸਜ਼ਾ ਦੇ ਖਿਲਾਫ ਅਪੀਲ ਕੀਤੀ ਸੀ।

IN HOME CAREGIVER
Required In-Home Caregiver For Elderly and Disabled Person. Must Be fluent in English and Punjabi. Great salary and flexible hours. Free of cost live in room and meals included.
Please send resume at:
mandeep.karwal@gmail.com
or Drop a Call: 647-649-8100

Auto | Home | Business
"ਵਾਜਿਬ ਰੇਟ ਤੇ ਵਧੀਆ ਕਵਰੇਜ"
LUCKY
◦ Unbeatable Prices ◦ Huge Discounts on Various Insurances
◦ Good Rates
Harmanjeet Kaur | 905.602.1629
LUCKY INSURANCE BROKERS LIMITED | 1550 South Gateway Road, Suite #230 Mississauga, ON L4W 5G6

BANKRUPTCY, PROPOSAL, R9.........
no problem!
we will fix your credit
TNG SUNRISE SERVICES INC.
Tarun Genda(Kumar)
Tel:905-781-5292
Cell: 416-305-1290
TNG
PROVIDE:
Mortgage, Refinancing, 1st, 2nd, 3rd, Mortgage.
Residential Variable & Fixed Rates,
Personal loans & Line of Credit
Private Funding on Car, Gold & Property
CREDIT REPAIR:
Fix your Credit, Bankruptcy, Proposal, Collections, R-9 and Late payments.
CREDIT CONSULTING:
We do Settlement, Filling Bankruptcy & Proposals
ACCOUNTING:
Tax File get Maximum refund for personal & Bussiness
email: tngservices1@hotmail.com
Golden gate plaza
100 Pertosa Drive, Suite 211
Brampton, ON. L6X 0H9

Jobs Jobs Jobs
General Labour/ Unloader/ Window Assemblers & Machine Operators
- Full time/Part time workers Needed
- Morning & Afternoon Shifts Available
- 12 ਘੰਟੇ ਦੀਆਂ Shifts Available ਹਨ
- 7 ਦਿਨ ਕੰਮ ਉਪਲਬੱਧ ਹੈ।
- ਦਿਨ ਅਤੇ ਰਾਤ ਦੀਆਂ ਸਾਰੀਆਂ Shifts Available ਹਨ
- ਕੰਮ ਦੀ ਟ੍ਰੇਨਿੰਗ ਪਹਿਲਾਂ ਦਿਤੀ ਜਾਵੇਗੀ
2355 Derry Rd E, Unit#20, 2nd Floor, Mississauga
Torbram/Derry intersection ਦੇ ਨੇੜੇ
ਜਿਆਦਾ ਜਾਣਕਾਰੀ ਲਈ ਸੰਪਰਕ ਕਰੋ:-
Neha: 416.855.9671 or 416.618.6030

MICHELIN HANKOOK Continental ROADLUX BFGoodrich AEOLUS
BEST TRUCK REPAIR & TIRE CENTRE
We also Specialize in Engine, Transmission, Differential Rebuild, Safety Inspection & All Kinds of Electric Work
ਟਰੱਕਾਂ ਦੇ ਟਾਇਰਾਂ ਤੇ ਭਾਰੀ Sale ਕੋਈ ਵੀ ਐਡਵਰਟਾਈਜ਼ ਕੀਤੀ ਕੀਮਤ ਨੂੰ ਬੀਟ ਕੀਤਾ ਜਾਵੇਗਾ
SPECIAL ON TRUCK ALIGNMENT | BRAND NEW MACHINES 2018
Brake & Drum - On Special Sale! -Made in U.S
4 CAT Batteries 1000 on Special Sale
ਟਰੱਕਾਂ/ਕਾਰਾਂ ਦੇ ਟਾਇਰਾਂ ਦੀ ਅਤੇ ਇੰਜਣ /ਬੰਕ ਹੀਟਰ ਦੀ ਭਾਰੀ ਸੈਲ
7 ਦਿਨ ਖੁੱਲਾ
www.besttruckrepairandtire.ca | Email: ranjitbesttruck@yahoo.ca
Chevron Delo
Special OIL CHANGE Rates
1715 Sismet Rd, Mississauga | Call Ranjit: 416.624.8351 | Tel: 905.625.0055

# ਡੇਂਗੂ ਦੇ ਡਰ ਹੇਠ ਆਨਲਾਈਨ ਸਾਈਟਾਂ ਬੱਕਰੀਆਂ ਕਿਰਾਏ ਉੱਤੇ ਦੇਣ ਨਿਕਲ ਪਈਆਂ

ਫਰੀਦਕੋਟ, 14 ਅਕਤੂਬਰ (ਪੋਸਟ ਬਿਊਰੋ)- ਬੱਕਰੀ ਦਾ ਦੁੱਧ ਰੋਗਾਂ ਲਈ ਰਾਮਬਾਣ ਕਿਹਾ ਜਾਂਦਾ ਹੈ। ਇਸ ਦੀ ਵਰਤੋਂ ਵਾਤਾਵਰਣ ਬਚਾਉਣ ਲਈ ਵੀ ਹੁੰਦਾ ਹੈ। ਇੱਕ ਸੰਸਾਰ ਰਿਪੋਰਟ ਅਨੁਸਾਰ ਦੁਨੀਆ 'ਚ ਬੱਕਰੀਆਂ ਦੇ ਗਰੁੱਪ ਨੂੰ ਕਿਰਾਏ 'ਤੇ ਦੇਣ ਦਾ ਕਾਰੋਬਾਰੀ ਤੇਜ਼ੀ ਨਾਲ ਵਧ ਰਿਹਾ ਹੈ। ਲੋਕ ਆਪਣੇ ਗਾਰਡਨ ਦਾ ਘਾਹ ਛੋਟਾ ਕਰਨ ਲਈ ਮਸ਼ੀਨਾਂ ਦੀ ਥਾਂ ਅੱਜ ਕੱਲ੍ਹ ਬੱਕਰੀਆਂ ਦੀ ਵਰਤੋਂ ਕਰ ਰਹੇ ਹਨ। ਇਸ ਨਾਲ ਵਾਯੂਮੰਡਲ ਵਿੱਚ ਕਾਰਬਨ ਘੱਟ ਰਿਹਾ ਹੈ। ਨਾਲ ਹੀ ਜੰਗਲੀ ਬੂਟੀਆਂ ਦੇ ਖਾਤਮੇ 'ਚ ਰਸਾਇਣ ਦੀ ਜਗ੍ਹਾ ਬੱਕਰੀਆਂ ਬਹੁਤ ਪ੍ਰਭਾਵੀ ਸਾਬਿਤ ਹੋ ਰਹੀਆਂ ਹਨ। ਇਸ ਨਾਲ ਮਿੱਟੀ, ਹਵਾ ਅਤੇ ਪਾਣੀ ਪ੍ਰਦੂਸ਼ਣ ਨੂੰ ਰੋਕਿਆ ਜਾ ਰਿਹਾ ਹੈ। ਇਹੀ ਨਹੀਂ, ਬੱਕਰੀ ਦਾ ਦੁੱਧ ਡੇਂਗੂ ਵਰਗੇ ਰੋਗ ਨੂੰ ਖਤਮ ਕਰਨ ਵਿੱਚ ਰਾਮਬਾਣ ਕਿਹਾ ਜਾਣ ਲੱਗ ਪਿਆ ਹੈ। ਡੇਂਗੂ ਦੇ ਇਲਾਜ ਵਿੱਚ ਡਾਕਟਰ ਵੀ ਬੱਕਰੀ ਦਾ ਦੁੱਧ ਪੀਣ ਦੀ ਸਲਾਹ ਦੇਣ ਲੱਗ ਪਏ ਹਨ।

ਇਸ ਦੀ ਖਾਸੀ ਗੱਲ ਇਹ ਹੈ ਕਿ ਇਹ ਉਨ੍ਹਾਂ ਪੌਦਿਆਂ ਨੂੰ ਬਹੁਤ ਚਾਅ ਨਾਲ ਖਾਂਦੀ ਹੈ, ਜੋ ਹੋਰ ਜੀਵਾਂ ਲਈ ਜ਼ਹਿਰੀਲਾ ਸਾਬਤ ਹੁੰਦੇ ਹਨ। ਜੰਗਲਾਂ 'ਚ ਅੱਗ ਲੱਗਣ ਦੀਆਂ ਘਟਨਾਵਾਂ ਤੇਜ਼ੀ ਨਾਲ ਫੈਲੀਆਂ ਹਨ। ਇਨ੍ਹਾਂ ਵਿੱਚ ਜਾਨ ਮਾਲ ਦਾ ਨੁਕਸਾਨ ਹੁੰਦਾ ਹੈ। ਜੰਗਲਾਂ ਵਿੱਚ ਥੱਲੇ ਡਿੱਗੇ ਪੌਦੇ ਦੇ ਪੱਤਿਆ ਅਤੇ ਉਥੇ ਮੌਜੂਦ ਝਾੜੀਆਂ ਨੂੰ ਬੱਕਰੀ ਖਾ ਜਾਂਦੀ ਹੈ। ਇਹੀ ਪੱਤੇ ਤੇ ਝਾੜੀਆਂ ਅੱਗ ਦੇ ਫੈਲਣ ਦੀ ਵਜ੍ਹਾ ਹੁੰਦੇ ਹਨ। ਇੱਕ ਅਨੁਮਾਨ ਮੁਤਾਬਕ 38 ਬੱਕਰੀਆਂ 50 ਹਜ਼ਾਰ ਵਰਗ ਫੁੱਟ ਖੇਤਰਫਲ ਦੀ ਘਾਹ ਨੂੰ ਇੱਕ ਦਿਨ ਵਿੱਚ ਆਸਾਨੀ ਨਾਲ ਚਰ ਸਕਦੀਆਂ ਹਨ। ਨੋਬੇਲ ਰਿਸਰਚ ਇੰਸਟੀਚਿਊਟ ਮੁਤਾਬਕ ਘਾਹ ਦੀ ਤੁਲਨਾ 'ਚ ਚੌੜੇ ਪੱਤਿਆਂ ਵਾਲੀ ਜੰਗਲੀ ਬੂਟੀ ਬੱਕਰੀਆਂ ਦੀ ਪਹਿਲੀ ਪਸੰਦ ਹੁੰਦੇ ਹਨ। ਦੁਨੀਆ ਭਰ ਵਿੱਚ ਗੋਟਸ ਆਨ ਗੋ, ਰੇਂਟ ਏ ਗੋਟ ਅਤੇ ਵੀ ਰੈਂਟ ਗੋਟਸ ਵਰਗੀਆਂ ਬਹੁਤ ਸਾਰੀਆਂ ਕੰਪਨੀਆਂ ਇਸ ਸਫਲ ਕਾਰੋਬਾਰੀ ਮਾਡਲ ਨੂੰ ਚਲਾ ਰਹੀਆਂ ਹਨ। ਕਿਰਾਏ 'ਤੇ ਬੱਕਰੀ ਲੈਣ ਵਾਲੇ ਨੂੰ ਉਸ ਦੀ ਜ਼ਰੂਰਤ ਮੁਤਾਬਕ 100 ਜਾਂ ਇਸ ਤੋਂ ਵੱਧ ਬੱਕਰੀਆਂ ਤੈਅ ਸਮੇਂ ਲਈ ਦਿੱਤੀਆਂ ਜਾਂਦੀਆਂ ਹਨ। ਇਸ ਦੇ ਬਦਲੇ ਕਿਰਾਇਆ ਲਿਆ ਜਾਂਦਾ ਹੈ।

# ਪਾਕਿਸਤਾਨ ਵਿੱਚ ਆਟੋ ਵਾਲੇ ਦੇ ਖਾਤੇ ਤੋਂ 300 ਕਰੋੜ ਦੇ ਲੈਣ-ਦੇਣ ਦੀ ਜਾਂਚ ਸ਼ੁਰੂ

ਕਰਾਚੀ, 14 ਅਕਤੂਬਰ (ਪੋਸਟ ਬਿਊਰੋ)- ਪਾਕਿਸਤਾਨ ਵਿਚ ਇਕ ਆਟੋ ਰਿਕਸ਼ਾ ਡਰਾਈਵਰ ਦੇ ਖਾਤੇ ਤੋਂ 300 ਕਰੋੜ ਰੁਪਏ ਦਾ ਲੈਣ-ਦੇਣ ਦਾ ਪਤਾ ਲੱਗਾ ਹੈ। ਇਸ ਬਾਰੇ ਪਾਕਿ-ਸਤਾਨ ਦੀ ਫੈਡਰਲ ਜਾਂਚ ਏਜੰਸੀ (ਐੱਫ ਆਈ ਏ) ਨੇ ਆਟੋ ਰਿਕਸ਼ਾ ਡਰਾਈਵਰ ਨੂੰ ਸੰਮਨ ਜਾਰੀ ਕਰ ਕੇ ਆਪਣਾ ਪੱਖ ਰੱਖਣ ਨੂੰ ਕਿਹਾ ਹੈ। ਕਰਾਚੀ ਦੇ ਵਾਸੀ ਡਰਾਈਵਰ ਮੁਹੰਮਦ ਰਸ਼ੀਦ ਨੂੰ ਆਪਣੇ ਖਾਤੇ ਵਿਚ ਭਾਰੀ ਲੈਣ-ਦੇਣ ਦਾ ਪਤਾ ਉਸ ਸਮੇਂ ਲੱਗਾ, ਜਦੋਂ ਕੇਂਦਰੀ ਜਾਂਚ ਏਜੰਸੀ ਐੱਫ ਆਈ ਏ ਨੇ ਉਸ ਨੂੰ ਸੰਮਨ ਭੇਜ ਕੇ ਇਸ ਦੇ ਸੰਬੰਧ ਵਿੱਚ ਸਫਾਈ ਮੰਗੀ।

ਰਸ਼ੀਦ ਨੇ ਕਿਹਾ, 'ਮੈਨੂੰ ਫੈਡਰਲ ਜਾਂਚ ਏਜੰਸੀ ਦੇ ਦਫਤਰੋਂ ਫੋਨ ਆਇਆ ਅਤੇ ਉਨ੍ਹਾਂ ਨੇ ਪੁੱਛਗਿੱਛ ਲਈ ਮੈਨੂੰ ਸੱਦਿਆ ਸੀ। ਮੈਂ ਡਰ ਗਿਆ, ਕਿਉਂਕਿ ਮੈਂ ਨਹੀਂ ਜਾਣਦਾ ਸੀ ਹੋਇਆ ਕੀ ਹੈ। ਜਦੋਂ ਮੈਂ ਉਨ੍ਹਾਂ ਦੇ ਦਫਤਰ ਗਿਆ ਤਾਂ ਉਨ੍ਹਾਂ ਨੇ ਮੈਨੂੰ ਬੈਂਕ ਖਾਤੇ ਦਾ ਰਿਕਾਰਡ ਦਿਖਾਇਆ।' ਰਸ਼ੀਦ ਨੇ ਦੱਸਿਆ ਕਿ ਅਧਿਕਾਰੀਆਂ ਨੇ ਮੈਨੂੰ ਕਿਹਾ ਕਿ ਮੇਰੇ ਤਨਖਾਹ ਖਾਤੇ ਵਿਚੋਂ 300 ਕਰੋੜ ਰੁਪਏ ਦਾ ਲੈਣ-ਦੇਣ ਹੋਇਆ ਹੈ। ਮੈਂ ਇਹ ਖਾਤਾ ਸਾਲ 2005 ਵਿਚ ਖੁੱਲ੍ਹਵਾਇਆ ਸੀ, ਜਦੋਂ ਮੈਂ ਇਕ ਨਿੱਜੀ ਕੰਪਨੀ ਦਾ ਡਰਾਈਵਰ ਸੀ। ਰਸ਼ੀਦ ਨੇ ਦੱਸਿਆ ਕਿ ਆਪਣਾ ਕੰਮ ਸ਼ੁਰੂ ਕਰਨ ਦੇ ਕੁਝ ਹੀ ਮਹੀਨੇ ਬਾਅਦ ਉਸ ਨੇ ਨੌਕਰੀ ਛੱਡ ਦਿੱਤੀ ਸੀ। ਰਸ਼ੀਦ ਮੁਤਾਬਕ ਉਸ ਨੇ ਜ਼ਿੰਦਗੀ ਵਿਚ ਕਦੇ ਇਕ ਲੱਖ ਰੁਪਏ ਨਹੀਂ ਦੇਖੇ। ਰਸ਼ੀਦ ਦਾ ਕਹਿਣਾ ਹੈ ਕਿ ਉਸ ਨੇ ਐੱਫ ਆਈ ਏ ਅਧਿਕਾਰੀਆਂ ਨੂੰ ਆਪਣੀ ਵਿੱਤੀ ਹਾਲਤ ਤੋਂ ਜਾਣੂ ਕਰਵਾਇਆ ਅਤੇ ਉਹ ਉਸ ਦੀ ਦਲੀਲ ਮੰਨਣ ਲਈ ਰਾਜ਼ੀ ਹੋ ਗਏ। ਇਸ ਤੋਂ ਕੁਝ ਦਿਨ ਪਹਿਲਾਂ ਕਰਾਚੀ ਦੇ ਇਕ ਫਲ ਵੇਚਣ ਵਾਲੇ ਦੇ ਖਾਤੇ ਵਿਚ 200 ਕਰੋੜ ਰੁਪਏ ਤੋਂ ਜ਼ਿਆਦਾ ਦੀ ਰਾਸ਼ੀ ਪਾਈ ਗਈ ਸੀ। ਪਾਕਿਸਤਾਨ ਦੀ ਫੈਡਰਲ ਜਾਂਚ ਏਜੰਸੀ ਮਨੀ ਲਾਂਡਰਿੰਗ ਦੇ ਇਨ੍ਹਾਂ ਮਾਮਲਿਆਂ ਦੀ ਜਾਂਚ ਕਰ ਰਹੀ ਹੈ।

# ਘਰੇਲੂ ਹਿੰਸਾ ਖਿਲਾਫ ਬਣੇ ਕਾਨੂੰਨ ਦੀ ਸਹੁਰੇ ਪਰਿਵਾਰ ਦੇ ਵਿਰੁੱਧ ਦੁਰਵਰਤੋਂ



ਚੰਡੀਗੜ੍ਹ, 14 ਅਕਤੂਬਰ (ਪੋਸਟ ਬਿਊਰੋ)- ਘਰੇਲੂ ਹਿੰਸਾ ਦੇ ਖਿਲਾਫ ਬਣਿਆ ਕਾਨੂੰਨ ਸਹੁਰੇ ਪਰਿਵਾਰ ਦੇ ਵੱਧ ਤੋਂ ਵੱਧ ਲੋਕਾਂ ਨੂੰ ਫਸਾਉਣ ਲਈ ਵਰਤਣ ਦਾ ਰੁਝਾਨ ਵਧਦਾ ਜਾਂਦਾ ਹੈ। ਇਸ ਨੂੰ ਲੀਗਲ ਟੈਰੇਰਿਜ਼ਮ ਦੇ ਨਾਂਅ ਨਾਲ ਵੀ ਜਾਣਿਆ ਜਾਣ ਲੱਗਾ ਹੈ। ਹਾਈ ਕੋਰਟ ਨੇ ਅਜਿਹੇ ਇੱਕ ਮਾਮਲੇ ਵਿੱਚ ਮਹਿਲਾ ਵੱਲੋਂ ਆਪਣੀ ਨਨਾਣ ਅਤੇ ਉਸ ਦੇ ਪਤੀ ਦੇ ਖਿਲਾਫ ਦਰਜ ਮਾਮਲੇ ਨੂੰ ਰੱਦ ਕਰਦੇ ਹੋਏ ਇਹ ਟਿੱਪਣੀ ਕੀਤੀ ਹੈ।

ਮਿਲੀ ਜਾਣਕਾਰੀ ਅਨੁਸਾਰ ਇਸ ਕੇਸ ਵਿੱਚ ਮਹਿਲਾ ਨੇ ਆਪਣੀ ਨਨਾਣ ਅਤੇ ਉਸ ਦੇ ਪਤੀ ਅਤੇ ਆਪਣੇ ਸਹੁਰੇ ਪਰਵਾਰ ਦੇ ਕਈ ਲੋਕਾਂ ਦੇ ਖਿਲਾਫ ਦਾਜ ਮੰਗਣ ਬਾਰੇ ਪ੍ਰੋਟੈਕਸ਼ਨ ਆਫ ਵੂਮੈਨ ਫਰਾਮ ਡੋਮੈਸਟਿਕ ਵਾਇਲੈਂਸ ਐਕਟ ਦਾ ਕੇਸ ਦਰਜ ਕਰਵਾ ਦਿੱਤਾ ਸੀ, ਜਿਸ ਵਿੱਚ ਮਹਿਲਾ ਦੀ ਨਨਾਣ ਅਤੇ ਉਸ ਦੇ ਪਤੀ ਦੇ ਖਿਲਾਫ ਵੀ ਸ਼ਿਕਾਇਤ ਕੀਤੀ ਸੀ। ਸੰਮਨ ਦੇ ਲਈ ਜਾਰੀ ਹੋਏ ਹੁਕਮ ਨੂੰ ਨਨਾਣ ਦੇ ਪਤੀ ਨੇ ਹਾਈ ਕੋਰਟ ਵਿੱਚ ਚੁਣੌਤੀ ਦੇ ਕੇ ਕਿਹਾ ਕਿ ਉਹ ਤੇ ਉਸ ਦੀ ਪਤਨੀ ਆਸਟਰੇਲੀਆ ਵਿੱਚ ਰਹਿੰਦੇ ਹਨ ਤੇ ਉਹ ਉਸ ਸ਼ਹਿਰ ਵਿੱਚ ਨਹੀਂ ਰਹਿੰਦੇ, ਜਿੱਥੇ ਸ਼ਿਕਾਇਤ ਕਰਤਾ ਰਹਿੰਦੀ ਹੈ। ਉਨ੍ਹਾਂ ਦਾ ਸ਼ਿਕਾਇਤ ਕਰਤਾ ਅਤੇ ਉਸ ਦੇ ਪਰਵਾਰ ਨਾਲ ਰੋਜ਼ ਦੇ ਕੰਮਾਂ ਵਿੱਚ ਕੋਈ ਲੈਣਾ-ਦੇਣਾ ਨਹੀਂ। ਇਸ ਲਈ ਉਨ੍ਹਾਂ ਵੱਲੋਂ ਸ਼ਿਕਾਇਤ ਕਰਤਾ 'ਤੇ ਦਾਜ ਦੇ ਲਈ ਦਬਾਅ ਬਣਾਉਣ ਦਾ ਕੋਈ ਸਵਾਲ ਹੀ ਨਹੀਂ। ਪਟੀਸ਼ਨ 'ਤੇ ਹਾਈ ਕੋਰਟ ਦੇ ਨੋਟਿਸ ਦਾ ਸ਼ਿਕਾਇਤ ਕਰਤਾ ਨੇ ਜਵਾਬ ਨਹੀਂ ਦਿੱਤਾ। ਜਸਟਿਸ ਐੱਚ ਐੱਸ ਮਦਾਨ ਨੇ ਸਭ ਧਿਰਾਂ ਨੂੰ ਸੁਣਨ ਦੇ ਬਾਅਦ ਕਿਹਾ ਕਿ ਇਸ ਕੇਸ ਵਿੱਚ ਸ਼ਿਕਾਇਤ ਦਬਾਅ ਬਣਾਏ ਜਾਣ ਦੇ ਲਈ ਹੀ ਕੀਤੀ ਗਈ ਲੱਗਦੀ ਹੈ।

# ਇਨੋਵਾ ਸਣੇ ਫਰਾਰ ਹੋਇਆ ਇੱਕ ਲੁਟੇਰਾ ਕਾਬੂ, ਇੱਕ ਫਰਾਰ



ਬਟਾਲਾ, 14 ਅਕਤੂਬਰ (ਪੋਸਟ ਬਿਊਰੋ)- ਬਟਾਲਾ ਪੁਲਸ ਵੱਲੋਂ ਦਲੇਰੀ ਨਾਲ ਹਥਿਆਰਾਂ ਨਾਲ ਲੈਸ ਦੋ ਲੁਟੇਰਿਆਂ ਵੱਲੋਂ ਅੰਮ੍ਰਿਤਸਰ ਤੋਂ ਚੋਰੀ ਕੀਤੀ ਨਵੀਂ ਇਨੋਵਾ ਗੱਡੀ ਨੂੰ ਇੱਕ ਲੁਟੇਰੇ ਸਮੇਤ ਬਰਾਮਦ ਕਰਨ ਦੀ ਖਬਰ ਹੈ।

